
ਸ਼ਹੀਦੀ ਸ਼ਤਾਬਦੀ ਪੁਸਤਕ
ਪ੍ਰਕਾਸ਼ਨਾ ਲੜੀ-5

# ਬਾਣੀ ਮਹਲਾ ਨੌਂਵਾਂ ਦੇ ਮੁੱਖ ਵਿਸ਼ੇ



ਡਾ. ਸੰਦੀਪ ਸਿੰਘ

ਪਬਲੀਕੇਸ਼ਨ ਅਤੇ ਖੋਜ ਵਿਭਾਗ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,
ਕੁਰੂਕਸ਼ੇਤਰ

ਭੇਟਾ ਰਹਿਤ

©
Haryana Sikh Gurdwara Management Committee,
Kurukshetra

# BANI MAHALLA NAUVAN DE MUKH VISHE

(Punjabi)

Writer:
Dr. Sandeep Singh
In-charge
Department of Publication & Research,
Haryana Sikh Gurdwara Management Committee,
Kurukshetra

Research Associate:
Gurmeet Singh Danoli

Typing Work:
Satnam Singh

First edition November 2025
4,000

Printer: Tejas Printers, Patiala

Published by Department of Publication & Research,
Haryana Sikh Gurdwara Management Committee,
Kurukshetra

## **ਮੁੱਖ ਬੰਧ**

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਾਵਨ ਇਲਾਹੀ ਬਾਣੀ, ਮਨੁੱਖਤਾ ਲਈ ਸਦੀਵੀ ਚਾਨਣ ਮੁਨਾਰੇ ਦਾ ਕਾਰਜ ਕਰ ਰਹੀ ਹੈ ਜੋ ਵਿਸ਼ੇ-ਵਿਕਾਰਾਂ ਦੀ ਤਪਸ਼ ਵਿਚ ਭਟਕ ਰਹੀ ਮਾਨਵਤਾ ਨੂੰ ਅਗੰਮੀ ਸ਼ੀਤਲਤਾ ਪ੍ਰਦਾਨ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਗੁਰੂ ਸਾਹਿਬ ਜੀ ਦੇ ਪਾਵਨ 59 ਸ਼ਬਦ ਅਤੇ 57 ਸਲੋਕ, ਪਦਾਰਥਕ ਰੁਚੀਆਂ ਵਿਚ ਗ੍ਰਸਿਤ ਮਨੁੱਖ ਨੂੰ ਇਨ੍ਹਾਂ ਪਦਾਰਥਾਂ ਦੀ ਅਸਲੀਅਤ ਦਰਸਾ ਕਰ ਕੇ ਪਰਮਾਰਥ ਦੇ ਮਾਰਗ ਵੱਲ ਅਗਰਸਰ ਕਰਦੇ ਹਨ। ਗੁਰੂ ਜੀ ਦੀ ਸਮੁੱਚੀ ਬਾਣੀ, ਅਕਾਲ ਪੁਰਖ ਅਤੇ ਉਨ੍ਹਾਂ ਦੇ ਨਾਮ ਦੀ ਉਪਮਾ ਨੂੰ ਰੂਪਮਾਨ ਕਰਦੀ ਹੋਈ ਮਨੁੱਖ ਨੂੰ ਨਾਮ ਨਾਲ ਜੁੜਣ ਦੀ ਤਾਕੀਦ ਕਰਦੀ ਹੈ।

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੇਂਟ ਕਮੇਟੀ ਦੇ 'ਪਬਲੀਕੇਸ਼ਨ ਅਤੇ ਖੋਜ ਵਿਭਾਗ' ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਇਤਿਹਾਸਕ ਅਵਸਰ 'ਤੇ ਉਨ੍ਹਾਂ ਦੀ ਬਾਣੀ ਨਾਲ ਸੰਬੰਧਿਤ ਟ੍ਰੈਕਟ ਪ੍ਰਕਾਸ਼ਿਤ ਕਰ ਕੇ ਗੁਰੂ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟਾ ਕੀਤੇ ਜਾ ਰਹੇ ਹਨ। ਟ੍ਰੈਕਟ ਦੇ ਲਿਖਾਰੀ ਡਾ. ਸੰਦੀਪ ਸਿੰਘ ਇਸ ਕਾਰਜ ਰਾਹੀਂ ਗੁਰੂ ਬਖਸ਼ਿਸ਼ ਦੇ ਪਾਤਰ ਬਣੇ ਹਨ। ਆਸ ਹੈ ਸੰਗਤ ਇਸ ਤੋਂ ਲਾਹਾ ਪ੍ਰਾਪਤ ਕਰ ਕੇ ਗੁਰੂ ਸਾਹਿਬ ਦੀ ਬਾਣੀ ਨੂੰ ਆਪਣੇ ਜੀਵਨ ਵਿਚ ਧਾਰਨ ਕਰੇਗੀ।

**ਜਥੇਦਾਰ ਜਗਦੀਸ਼ ਸਿੰਘ ਝੀਂਡਾ,**
**ਪ੍ਰਧਾਨ,**
**ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ**
**ਕੁਰੂਕਸ਼ੇਤਰ।**

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਰੂਹਾਨੀ ਗੱਦੀ ਦੇ ਨੌਂਵੇਂ ਰਹਿਬਰ 'ਸ੍ਰੀ ਗੁਰੂ ਤੇਗ ਬਹਾਦਰ ਜੀ' ਬਹੁਪੱਖੀ ਸਖ਼ਸ਼ੀਅਤ ਦੇ ਮਾਲਕ ਸਨ ਜਿਨ੍ਹਾਂ ਨੂੰ ਧਾਰਮਿਕ ਰਹਿਬਰ, ਸੂਰਬੀਰ ਯੋਧੇ, ਅਕਾਲ ਪੁਰਖ ਨਾਲ ਇਕਰੂਪ ਅਧਿਆਤਮਿਕ ਸ਼ਖ਼ਸੀਅਤ, ਮਹਾਨ ਦਾਰਸ਼ਨਿਕ, ਉੱਚ ਕੋਟੀ ਦੇ ਸਾਹਿਤਕਾਰ ਅਤੇ ਲਾਸਾਨੀ ਸ਼ਹੀਦ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਨੇ ਸਿੱਖ ਧਰਮ ਦੇ ਨੌਂਵੇਂ ਗੁਰੂ ਦੇ ਰੂਪ ਵਿਚ ਪੰਥ ਦੀ ਅਗਵਾਈ ਵੀ ਕੀਤੀ, 13 ਸਾਲ ਦੀ ਉਮਰ ਵਿਚ ਮੈਦਾਨਿ-ਜੰਗ ਵਿਚ ਆਪਣੀ ਤੇਗ ਦੇ ਜੌਹਰ ਵਿਖਾਏ ਅਤੇ ਦੀਨ-ਦੁਖੀਆਂ ਦੀ ਫਰਿਆਦ ਸੁਣ ਕੇ ਉਨ੍ਹਾਂ ਲਈ ਆਪਣੀ ਸ਼ਹਾਦਤ ਵੀ ਦਿੱਤੀ।

ਗੁਰੂ ਪਾਤਸ਼ਾਹ ਦੇ ਰੂਹਾਨੀ-ਦਾਰਸ਼ਨਿਕ ਗੁਣਾਂ ਦਾ ਪ੍ਰਗਟਾਵਾ ਉਨ੍ਹਾਂ ਦੇ ਜੀਵਨ-ਘਟਨਾਕ੍ਰਮ ਅਤੇ ਉਨ੍ਹਾਂ ਦੀ ਬਾਣੀ ਰੂਪ ਰਚਨਾ ਵਿਚੋਂ ਸਹਿਜੇ ਹੀ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਨ੍ਹਾਂ ਦੇ 15 ਰਾਗਾਂ ਵਿਚ 59 ਸ਼ਬਦ ਅਤੇ 'ਸਲੋਕ ਵਾਰਾਂ ਤੇ ਵਧੀਕ' ਅਧੀਨ 'ਸਲੋਕ ਮਹਲਾ ੯' ਦੇ ਸਿਰਲੇਖ ਹੇਠ 57 ਸਲੋਕ ਦਰਜ ਹਨ। ਗੁਰੂ ਜੀ ਦੀ ਸਮੁੱਚੀ ਬਾਣੀ ਦਾ ਮੁੱਖ ਵਿਸ਼ਾ ਮੋਹ ਮਾਇਆ ਅਤੇ ਵਿਕਾਰਾਂ ਵਿਚ ਗ੍ਰਸਿਤ ਮਨੁੱਖ ਨੂੰ ਸੰਸਾਰਕ ਪਦਾਰਥਾਂ-ਰਿਸ਼ਤਿਆਂ ਦੀ ਅਸਥਿਰਤਾ ਵਾਲੀ ਅਸਲੀਅਤ ਦਰਸਾ ਕੇ ਅਕਾਲ ਪੁਰਖ ਦੇ ਨਾਮ ਨਾਲ ਜੋੜਨਾ ਹੈ। ਮੁੱਖ ਰੂਪ ਵਿਚ ਗੁਰੂ ਸਾਹਿਬ ਜੀ ਦੀ ਰਚਨਾ ਬ੍ਰਜ ਭਾਸ਼ਾਈ ਹੈ। ਉਨ੍ਹਾਂ ਨੇ ਮਨੁੱਖ ਨੂੰ ਸਮਝਾਉਣ ਲਈ ਪੌਰਾਣਿਕ ਦ੍ਰਿਸਟਾਂਤ ਵੀ ਵਰਤੇ ਹਨ ਅਤੇ ਵੱਖ-ਵੱਖ ਪ੍ਰਤੀਕਾਂ ਤੇ ਅਲੰਕਾਰਾਂ ਦਾ ਵੀ ਸੁੰਦਰ ਢੰਗ ਨਾਲ ਪ੍ਰਯੋਗ ਕੀਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਰਚਨਾ ਆਸ਼ਾਵਾਦੀ, ਪ੍ਰੇਰਨਾਮਈ ਅਤੇ ਵਿਕਾਰਾਂ ਦੇ ਪ੍ਰਭਾਵ ਤੋਂ ਮੁਕਤ ਕਰਕੇ ਪਰਮਾਤਮਾ ਨਾਲ ਜੋੜਨ ਵਾਲੀ ਹੈ। ਉਨ੍ਹਾਂ ਦੀ ਬਾਣੀ ਵਿਚ ਵਰਣਿਤ ਵਿਸ਼ਿਆਂ ਦਾ ਵਿਸਥਾਰਤ ਵੇਰਵਾ ਇਸ ਪ੍ਰਕਾਰ ਹੈ–

## 1. **ਅਕਾਲ ਪੁਰਖ**

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅਕਾਲ ਪੁਰਖ ਨੂੰ ਅਨੰਤ ਗੁਣਾਂ ਦਾ ਆਧਾਰ ਮੰਨਦੇ ਹੋਏ ਉਸ ਨੂੰ 'ਦੀਨ ਬੰਧੁ/', 'ਦੁਖ ਭੰਜਨ' 'ਦੀਨ ਦਇਆਲ', 'ਸਭ ਸੁਖ ਦਾਤਾ', 'ਪਤਿਤ ਉਧਾਰਨ', 'ਸਰਬ ਨਿਵਾਸੀ', 'ਚਿੰਤਾਮਣਿ' ਆਦਿ ਪਦਾਂ ਨਾਲ ਸੰਬੋਧਨ ਕੀਤਾ ਹੈ। ਉਨ੍ਹਾਂ ਦੀ ਬਾਣੀ ਵਿਚ ਅਕਾਲ ਪੁਰਖ ਦੇ ਇਨ੍ਹਾਂ ਪੱਖਾਂ ਦਾ ਪ੍ਰਗਟਾਅ ਹੋਇਆ ਹੈ-

### 1.1 **ਸਰੂਪ ਅਤੇ ਸਮਰੱਥਾ**

ਪਰਮਾਤਮਾ ਦੀ ਗਤੀ ਨੂੰ ਦੁਨਿਆਵੀ ਗਿਆਨ ਨਾਲ ਬਿਆਨ ਕਰਨਾ ਅਸੰਭਵ ਹੈ ਕਿਉਂਕਿ ਵੱਡੇ-ਵੱਡੇ ਧਾਰਮਿਕ ਕਰਮ ਕਰਨ ਵਾਲੇ ਅਤੇ ਸਿਆਣੇ ਲੋਕ ਇਸ ਸਬੰਧੀ ਅਸਫਲ ਯਤਨ ਕਰਦੇ ਰਹੇ ਹਨ।[1] ਉਹ ਪਲਾਂ ਵਿਚ ਹੀ ਰਾਜੇ ਨੂੰ ਰੰਕ ਅਤੇ ਰੰਕ ਨੂੰ ਰਾਜਾ ਬਣਾ ਦਿੰਦਾ ਹੈ, ਖਾਲੀ ਨੂੰ ਭਰ ਦਿੰਦਾ ਹੈ ਅਤੇ ਭਰੇ ਨੂੰ ਖ਼ਾਲੀ ਕਰ ਦਿੰਦਾ ਹੈ-

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥੧॥[2]

### 1.2 **ਪਾਪੀਆਂ ਅਤੇ ਮਨਮੁਖਾਂ ਨੂੰ ਬਖ਼ਸ਼ਣ ਵਾਲਾ**

ਪਰਮਾਤਮਾ ਦਾ ਸੁਭਾਅ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ। ਉਹ

---

[1] ਹਰਿ ਕੀ ਗਤਿ ਨਹਿ ਕੋਊ ਜਾਨੈ ॥ ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥੧॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 537

[2] ਉਹੀ, ਅੰਗ 537

ਅਨਾਥਾਂ ਦਾ ਨਾਥ ਹੈ ਅਤੇ ਭੈ ਤੋਂ ਮੁਕਤੀ ਦੇਣ ਵਾਲਾ ਹੈ।[3] ਸੰਸਾਰ ਵਿਚ ਪਾਪੀ ਦੇ ਤੌਰ ਤੇ ਜਾਣੇ ਜਾਣ ਵਾਲੇ ਅਜਾਮਲ ਅਤੇ ਗਨਿਕਾ ਦਾ ਪਰਮਾਤਮਾ ਦੀ ਸ਼ਰਨ ਵਿਚ ਆਉਣ ਨਾਲ ਪਲਾਂ ਵਿਚ ਹੀ ਉਧਾਰ ਹੋ ਗਿਆ।[4] ਪ੍ਰਭੂ ਦੀ ਸ਼ਰਨ ਆਉਣ ਵਾਲਾ ਮਨਮੁਖੀ ਸੁਭਾਅ ਵਾਲਾ ਮਨੁੱਖ ਵੀ ਬਖਸ਼ਿਆ ਜਾਂਦਾ ਹੈ। ਜੈਤਸਰੀ ਰਾਗ ਦੇ ਇਸ ਸ਼ਬਦ ਰਾਹੀਂ ਗੁਰੂ ਸਾਹਿਬ ਜੀ ਨੇ ਉੱਤਮ ਪੁਰਖ ਦੇ ਰੂਪ ਵਿਚ ਮਨਮੁਖੀ ਸੁਭਾਅ ਵਾਲੇ ਮਨੁੱਖ ਦੁਆਰਾ ਪਰਮਾਤਮਾ ਦਾ ਆਸਰਾ ਲੈਣ ਵਾਲੀ ਬੇਨਤੀ ਨੂੰ ਬਿਆਨ ਕੀਤਾ ਹੈ ਜੋ ਕਿ ਅਜਿਹੇ ਮਨੁੱਖ ਨੂੰ ਅਕਾਲ ਪੁਰਖ ਦੀ ਬਖਸ਼ਸ਼ਿ ਦਾ ਪਾਤਰ ਬਣਾ ਦਿੰਦੀ ਹੈ-

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥ ਜਮ ਕੋ ਤ੍ਰਾਸ ਭਇਓ ਉਰ ਅੰਤਰਿ
ਸਰਨਿ ਗਹੀ ਕਿਰਪਾ ਨਿਧਿ ਤੇਰੀ ॥੧॥ਰਹਾਉ॥
ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥
ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ ॥੧॥
ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥
ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ ॥੨॥
ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥

---

[3] ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥
ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1426

[4] ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥
ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥੧॥ ਰਹਾਉ ॥
......ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥
ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥੩॥੪॥ -ਉਹੀ, ਅੰਗ 632

ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ॥੩॥੨॥[5]

## 1.3 **ਸੰਸਾਰਕ ਸੁਖਾਂ ਦਾ ਦਾਤਾ ਅਤੇ ਦੁੱਖ ਦੂਰ ਕਰਨ ਵਾਲਾ**

ਅਕਾਲ ਪੁਰਖ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਾਰੇ ਹੀ ਸੁੱਖਾਂ ਦਾ ਇਕ ਮਾਤਰ ਦਾਤਾ ਕਿਹਾ ਹੈ[6] ਜਿਸ ਦੇ ਸਾਹਮਣੇ ਸਾਰਾ ਸੰਸਾਰ ਭਿਖਾਰੀ ਵਾਂਗ ਹੈ।[7] ਪਰਮਾਤਮਾ ਮਨੁੱਖ ਨੂੰ ਸਰੀਰ, ਧਨ-ਦੌਲਤ ਅਤੇ ਸੁੰਦਰ ਘਰ-ਬਾਰ ਵਾਲੇ ਸੰਸਾਰਕ ਸੁੱਖ ਪ੍ਰਦਾਨ ਕਰਦਾ ਹੈ, ਮਨੁੱਖ ਫਿਰ ਵੀ ਉਸ ਦਾ ਸਿਮਰਨ ਨਹੀਂ ਕਰਦਾ-

ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥
ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥੮॥[8]

ਜਿਸ ਸਮੇਂ ਮਨੁੱਖ ਦਾ ਪ੍ਰਭਾਵ ਖਤਮ ਹੋਣ ਤੋਂ ਬਾਅਦ ਉਹ ਸ਼ਕਤੀਹੀਣ ਹੋ ਜਾਂਦਾ ਹੈ ਅਤੇ ਸਭ ਢੰਗ ਤਰੀਕੇ ਅਸਫਲ ਹੋ ਜਾਂਦੇ ਹਨ ਤਾਂ ਪਰਮਾਤਮਾ ਹੀ ਮਨੁੱਖ ਦੀਆਂ ਫਾਹੀਆਂ ਅਤੇ ਦੁੱਖਾਂ ਨੂੰ ਦੂਰ ਕਰਦਾ ਹੈ।[9]

## 1.4 **ਅਕਾਲ ਪੁਰਖ ਦਾ ਵਾਸਾ ਅਤੇ ਸਰਵ ਵਿਆਪਕਤਾ**

---

[5] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 703

[6] ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥ -ਉਹੀ, ਅੰਗ 1426

[7] ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥
ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥੪੦॥ -ਉਹੀ, ਅੰਗ 1428

[8] ਉਹੀ, ਅੰਗ 1426

[9] ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥ -ਉਹੀ, ਅੰਗ 1427

ਮਨੁੱਖ ਅਗਿਆਨਤਾ ਵਸ ਉਸ ਪਰਮ ਹਸਤੀ ਨੂੰ ਜੰਗਲਾਂ ਵਿਚ ਲੱਭਦਾ ਫਿਰਦਾ ਹੈ ਪ੍ਰੰਤੂ ਸਾਰਿਆਂ ਵਿਚ ਵਸਣ ਵਾਲਾ ਪਰਮਾਤਮਾ ਮਨੁੱਖ ਦੇ ਨਾਲ ਹੀ ਉਸ ਅੰਦਰ ਮੌਜੂਦ ਹੈ, ਜਿਵੇਂ ਫੁੱਲ ਅੰਦਰ ਸੁਗੰਧੀ ਅਤੇ ਸ਼ੀਸ਼ੇ ਵਿਚ ਸ਼ੀਸ਼ਾ ਵੇਖਣ ਵਾਲੇ ਦਾ ਅਕਸ। ਗੁਰੂ ਦੇ ਦਰਸਾਏ ਇਸ ਮਾਰਗ ਦੀ ਮਨੁੱਖ ਨੂੰ ਉਦੋਂ ਤੱਕ ਸਮਝ ਨਹੀਂ ਆਉਂਦੀ ਜਦੋਂ ਤੱਕ ਉਹ ਆਪਣਾ ਆਤਮਕ ਸਰੂਪ ਨਹੀਂ ਪਛਾਣ ਲੈਂਦਾ।[10] ਅਕਾਲ ਪੁਰਖ ਦੀ ਸਰਵ ਵਿਆਪਕਤਾ ਦਾ ਵਿਚਾਰ ਉੱਚ ਆਤਮਕ ਅਵਸਥਾ ਤੇ ਪਹੁੰਚੇ ਹੋਏ ਮਨੁੱਖਾਂ (ਸੰਤਾਂ) ਦੁਆਰਾ ਪ੍ਰਮਾਣਿਤ ਹੈ ਕਿ ਪਰਮਾਤਮਾ ਸ੍ਰਿਸ਼ਟੀ ਦੇ ਕਣ-ਕਣ ਵਿਚ ਵਸ ਰਿਹਾ ਹੈ-

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥੧੨॥[11]

## 1.5 **ਸੰਸਾਰਕ ਰਿਸ਼ਤਿਆਂ ਦੇ ਮੁਕਾਬਲੇ ਪਰਮਾਤਮਾ ਹੀ ਸੱਚਾ ਸਾਥੀ**

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੰਸਾਰਕ ਰਿਸ਼ਤਿਆਂ ਦੀ ਅਸਲੀਅਤ ਨੂੰ ਪੇਸ਼ ਕਰਦੇ ਹੋਏ ਇਹ ਵਿਚਾਰ ਪੇਸ਼ ਕੀਤਾ ਹੈ ਕਿ ਇਹ ਸਾਰਾ ਸੰਸਾਰ ਆਪਣੇ ਸੁੱਖਾਂ ਕਾਰਨ ਹੀ ਮਨੁੱਖ ਨਾਲ ਜੁੜਦਾ ਹੈ। ਸੁੱਖਾਂ ਦੇ ਸਮੇਂ ਵਿਚ ਸਾਰੇ ਹੀ ਸਾਕ-

---

[10] ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ ੨॥੧॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 684

[11] ਉਹੀ, ਅੰਗ 1427

ਸੰਬੰਧੀ ਮਨੁੱਖ ਦੇ ਨਾਲ ਹਰ ਸਮੇਂ ਨਜ਼ਦੀਕੀ ਅਤੇ ਆਪਣਾਪਣ ਬਣਾ ਕੇ ਰੱਖਦੇ ਹਨ ਪ੍ਰੰਤੂ ਬਿਪਤਾ ਦੇ ਸਮੇਂ ਇਨ੍ਹਾਂ ਵਿਚੋਂ ਕੋਈ ਵੀ ਨੇੜੇ ਨਹੀਂ ਆਉਂਦਾ। ਹਮੇਸ਼ਾ ਨਾਲ ਰਹਿਣ ਵਾਲੀ ਇਸਤਰੀ ਵੀ ਅੰਤ ਸਮੇਂ ਮਨੁੱਖ ਨੂੰ ਛੱਡ ਜਾਂਦੀ ਹੈ। ਅਜਿਹੇ ਸਮੇਂ ਵਿਚ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਵੀ ਮਨੁੱਖ ਦੇ ਕੰਮ ਨਹੀਂ ਆਉਂਦਾ।[12]

ਮਨੁੱਖ ਦੇ ਔਖੇ ਸਮੇਂ ਵਿਚ ਜਦੋਂ ਸੰਗੀ-ਸਾਥੀ ਪਰਿਵਾਰ ਅਤੇ ਰਿਸ਼ਤੇਦਾਰ ਉਸ ਦਾ ਸਾਥ ਛੱਡ ਜਾਂਦੇ ਹਨ ਤਾਂ ਕੇਵਲ ਅਕਾਲ ਪੁਰਖ ਦਾ ਹੀ ਸਹਾਰਾ ਹੁੰਦਾ ਹੈ-

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥[13]

## 2. **ਮਨੁੱਖ**

ਗੁਰਬਾਣੀ ਅਨੁਸਾਰ ਮਨੁੱਖ ਇਸ ਧਰਤੀ ਦੇ ਸਭ ਜੀਵਾਂ ਤੋਂ ਉੱਤਮ ਹੈ

[12] ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥੧॥ ਰਹਾਉ ॥
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥੧॥
ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥੨॥
ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ ॥
ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ ॥੩॥੧੨॥੧੩੯॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 634

[13] ਉਹੀ, ਅੰਗ 1429.

ਜਿਸ ਦੀ ਸਾਰੀਆਂ ਜੂਨਾਂ 'ਤੇ ਬਾਦਸ਼ਾਹਤ ਹੈ।[14] ਦੇਵਤਿਆਂ ਲਈ ਵੀ ਦੁਰਲੱਭ ਇਹ ਮਨੁੱਖਾ ਸਰੀਰ[15] ਜੀਵ ਨੂੰ ਵਿਸ਼ੇਸ਼ ਉੱਦਮ ਸਦਕਾ ਮਿਲਿਆ ਹੈ[16] ਜਿਸ ਦਾ ਉਦੇਸ਼ ਪਰਮਾਤਮਾ ਨਾਲ ਮਿਲਾਪ ਕਰਨਾ ਹੈ[17] ਪਰੰਤੂ ਅਗਿਆਨੀ ਮਨੁੱਖ ਮਾਇਆ ਦੇ ਮੋਹ ਵਿਚ ਪੈ ਕੇ ਇਹ 'ਦੁਰਲਭ ਮਾਨਸ ਦੇਹ' ਵਿਅਰਥ ਗਵਾ ਲੈਂਦਾ ਹੈ।[18]

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮਨੁੱਖ ਦੇ ਦੋ ਰੂਪ ਸਾਹਮਣੇ ਆਉਂਦੇ ਹਨ- ਮਾਇਆ ਦੇ ਮੋਹ ਤੋਂ ਉੱਪਰ ਉੱਠ ਕੇ ਪਰਮਾਤਮਾ ਨਾਲ ਜੁੜੇ ਹੋਏ (ਗੁਰਮੁਖ) ਅਤੇ ਮਾਇਆ ਦੇ ਪ੍ਰਭਾਵ ਅਧੀਨ ਭਟਕਣ ਵਾਲੇ (ਮਨਮੁਖ)। ਗੁਰੂ ਸਾਹਿਬ ਜੀ ਨੇ ਮਾਇਆ ਅਧੀਨ ਭਟਕ ਰਹੇ ਮਨੁੱਖ ਨੂੰ ਆਪਣੀ ਬਾਣੀ ਵਿਚ ਵਾਰ-ਵਾਰ ਪਰਮਾਤਮਾ ਨਾਲ ਜੁੜਨ ਦਾ ਉਪਦੇਸ਼ ਦਿੱਤਾ ਹੈ ਤਾਂ ਕਿ ਅਮੋਲਕ ਮਨੁੱਖਾ ਜਨਮ ਸਫਲ ਹੋ ਸਕੇ। ਉਨ੍ਹਾਂ ਦੀ ਬਾਣੀ ਵਿਚ ਮਨੁੱਖ ਦੇ ਹੇਠ ਲਿਖੇ ਪੱਖ ਨਿਰੂਪਿਤ ਹੁੰਦੇ ਹਨ-

## 2.1 **ਮਨੁੱਖਾ ਸਰੀਰ ਦੀ ਅਮੋਲਕਤਾ**

---

[14] ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ -ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 374.

[15] ਇਸ ਦੇਹੀ ਕਉ ਸਿਮਰਹਿ ਦੇਵ ॥ -ਉਹੀ, ਅੰਗ 1159

[16] ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥ -ਉਹੀ, ਅੰਗ 1159

[17] ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
-ਉਹੀ, ਅੰਗ 378

[18] ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥ -ਉਹੀ, ਅੰਗ 220

ਮਨੁੱਖਾ ਸਰੀਰ ਨੂੰ ਗੁਰੂ ਸਾਹਿਬ ਜੀ ਨੇ ਆਪਣੇ ਸਲੋਕਾਂ ਵਿਚ 'ਦੁਰਲਭ ਮਾਨੁਖ ਦੇਹ' ਦਾ ਦਰਜਾ ਪ੍ਰਦਾਨ ਕੀਤਾ ਹੈ। ਇਹ ਮਨੁੱਖੀ ਸਰੀਰ ਹੀ ਪਰਮਾਤਮਾ ਨਾਲ ਮਿਲਾਪ ਦੀ ਵਾਰੀ ਹੈ ਕਿਉਂਕਿ ਇਹ ਸਰੀਰ ਬਹੁਤ ਸਮੇਂ ਦੀ ਭਟਕਣਾ ਤੋਂ ਬਾਅਦ ਪ੍ਰਾਪਤ ਹੁੰਦਾ ਹੈ।[19] ਇਸ ਲਈ ਮਨੁੱਖਾ ਸਰੀਰ ਵਿਚ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ-

ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥੩॥੨॥[20]

## 2.2 **ਮਨੁੱਖ ਦੀਆਂ ਤਿੰਨ ਅਵਸਥਾਵਾਂ**

ਮਨੁੱਖਾ ਜੀਵਨ ਦੀ ਉਮਰ ਦੇ ਪੜਾਅ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤਿੰਨ ਅਵਸਥਾਵਾਂ ਮੰਨੀਆਂ ਹਨ-ਬਚਪਨ, ਜਵਾਨੀ ਅਤੇ ਬੁਢਾਪਾ। ਜੇਕਰ ਪਰਮਾਤਮਾ ਦਾ ਨਾਮ-ਸਿਮਰਨ ਨਾ ਕੀਤਾ ਜਾਵੇ ਤਾਂ ਇਹ ਸਾਰੀਆਂ ਅਵਸਥਾਵਾਂ ਹੀ ਵਿਅਰਥ ਚਲੀਆਂ ਜਾਂਦੀਆਂ ਹਨ।[21]

ਮਨਮੁਖ ਮਨੁੱਖ ਦੀ ਜਵਾਨੀ ਵਿਸ਼ੇ-ਵਿਕਾਰਾਂ ਵਿਚ ਚਲੀ ਜਾਂਦੀ ਹੈ ਅਤੇ ਬਚਪਨ ਅਗਿਆਨਤਾ ਵਿਚ ਪ੍ਰੰਤੂ ਬੁਢਾਪੇ ਵਾਲੀ ਅਵਸਥਾ ਵਿਚ ਵੀ ਮਨੁੱਖ ਖੋਟੀ ਮਤ ਅਧੀਨ ਹੋ ਕੇ ਤੱਤ ਵਾਲੀ ਗੱਲ ਨਹੀਂ ਸਮਝਦਾ-

---

[19] ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥
- ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 631

[20] ਉਹੀ, ਅੰਗ 632

[21] ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥ -ਉਹੀ, ਅੰਗ 1428

ਤਰਨਾਪੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ ॥
ਬਿਰਧਿ ਭਇਓ ਅਜਹੂ ਨਹੀ ਸਮਝੈ ਕਉਨ ਕੁਮਤਿ ਉਰਝਾਨਾ ॥੧॥[22]

## 2.3 **ਮਨੁੱਖਾ ਸਰੀਰ: ਪੰਜ ਤੱਤਾਂ ਦੀ ਰਚਨਾ**

ਮਨੁੱਖ ਦਾ ਸਰੀਰ ਪੰਜ ਤੱਤਾਂ ਦੀ ਰਚਨਾ ਹੈ ਅਤੇ ਅੰਤ ਨੂੰ ਉਨ੍ਹਾਂ ਤੱਤਾਂ ਵਿਚ ਹੀ ਮਿਲ ਜਾਂਦਾ ਹੈ ਜਿਨ੍ਹਾਂ ਤੋਂ ਇਹ ਬਣਦਾ ਹੈ -

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥੧੧॥[23]

## 2.4 **ਮਨਮੁਖ ਮਨੁੱਖਾਂ ਦੀ ਪ੍ਰਵਿਰਤੀ**

ਮਾਇਆ ਅਤੇ ਵਿਸ਼ੇ-ਵਿਕਾਰਾਂ ਅਧੀਨ ਗ੍ਰਸਤ ਹੋਏ ਮਨਮੁਖ ਮਨੁੱਖਾਂ ਦੀ ਪ੍ਰਵਿਰਤੀ ਨੂੰ ਗੁਰੂ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਕਈ ਥਾਵਾਂ ਤੇ ਅਨੇਕਾਂ ਸ਼ਬਦਾਂ ਰਾਹੀਂ ਪੇਸ਼ ਕੀਤਾ ਹੈ। ਇਸ ਸੰਬੰਧੀ ਅਭਿਵਿਅਕਤ ਹੋਣ ਵਾਲੇ ਮੁੱਖ ਨੁਕਤੇ ਇਸ ਪ੍ਰਕਾਰ ਹਨ-

(ੳ) ਦਿਨ ਰਾਤ ਮਾਇਆ ਵਿਚ ਮਗਨ ਰਹਿੰਦੇ ਹਨ ਅਤੇ ਪਰਮਾਤਮਾ ਦਾ ਸਿਮਰਨ ਨਹੀਂ ਕਰਦੇ।[24]

(ਅ) ਮ੍ਰਿਗ ਤ੍ਰਿਸ਼ਨਾ ਵਰਗੇ ਝੂਠੇ ਸੰਸਾਰ ਨਾਲ ਮੋਹ ਪਾਈ ਰੱਖਦੇ ਹਨ।[25]

(ੲ) ਲੋਭ ਅਧੀਨ ਧਨ ਦੀ ਆਸਾ ਕਾਰਨ ਹਰ ਪਾਸੇ ਭੱਜਦੇ ਹਨ, ਸੁੱਖਾਂ ਦੀ

---

[22] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 902

[23] ਉਹੀ, ਅੰਗ 1427

[24] ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥
ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥੧॥ ਰਹਾਉ ॥ -ਉਹੀ, ਅੰਗ 219

[25] ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥੧॥ -ਉਹੀ।

ਪ੍ਰਾਪਤੀ ਲਈ ਮਨੁੱਖਾਂ ਦਾ ਆਸਰਾ ਲੈ ਕੇ ਦੁਖੀ ਹੁੰਦੇ ਹਨ ਅਤੇ ਦਰ-ਦਰ 'ਤੇ ਕੁੱਤਿਆਂ ਵਾਂਗ ਭਟਕਦੇ ਹਨ।[26]

(ਸ) ਮਾਇਆ ਦੇ ਹੰਕਾਰ ਵਿਚ ਮਸਤ ਹੋ ਕੇ ਪਰਮਾਤਮਾ ਨੂੰ ਯਾਦ ਨਹੀਂ ਕਰਦੇ, ਚੋਰੀ ਠੱਗੀ ਨਾਲ ਸੰਸਾਰ ਨੂੰ ਲੁੱਟ ਕੇ ਆਪਣਾ ਪੇਟ ਭਰਦੇ ਹਨ ਅਤੇ ਕੁੱਤੇ ਦੀ ਪੂਛ ਵਾਂਗ ਕਦੇ ਵੀ ਸਿੱਧੇ ਨਹੀਂ ਹੁੰਦੇ।[27]

(ਹ) ਕਦੀ ਵੀ ਭਲੇ ਮਨੁੱਖਾਂ (ਸਾਧ) ਦੀ ਸੰਗਤ ਨਹੀਂ ਕਰਦੇ ਅਤੇ ਨਾ ਹੀ ਪ੍ਰਭੂ ਦੀ ਕੀਰਤੀ ਗਾਉਂਦੇ ਹਨ।[28]

(ਕ) ਮਾਤਾ-ਪਿਤਾ, ਪੁੱਤਰ, ਇਸਤ੍ਰੀ ਆਦਿ ਦੇ ਰਸ ਵਿਚ ਲਿਪਤ ਰਹਿ ਕੇ ਜੋਬਨ ਅਤੇ ਦੌਲਤ ਦੇ ਹੰਕਾਰ ਵਿਚ ਦਿਨ ਰਾਤ ਮਸਤ ਰਹਿੰਦੇ ਹਨ।[29]

(ਖ) ਮਨ ਕਰਕੇ ਕਦੀ ਵੀ ਪਰਮਾਤਮਾ ਦੇ ਗੁਣ ਨਹੀਂ ਗਾਉਂਦੇ, ਗੁਰੂ ਦਾ ਉਪਦੇਸ਼ ਨਹੀਂ ਸੁਣਦੇ, ਪਰਾਈ ਇਸਤਰੀ ਅਤੇ ਪਰਾਈ ਨਿੰਦਾ ਵਿਚ

---

[26] ਬਿਰਥਾ ਕਹਉ ਕਉਨ ਸਿਉ ਮਨ ਕੀ ॥
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥੧॥ ਰਹਾਉ ॥
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥੧॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 411

[27] ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥੧॥
ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥ -ਉਹੀ, ਅੰਗ 536

[28] ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ ॥ -ਉਹੀ, ਅੰਗ 632

[29] ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ ॥
ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ॥੧॥ -ਉਹੀ, ਅੰਗ 684-85

ਲਿਪਤ ਰਹਿੰਦੇ ਹਨ ਜੋ ਸਮਝਾਉਣ 'ਤੇ ਵੀ ਨਹੀਂ ਸਮਝਦੇ।[30]

## 2.5 **ਸਰੀਰਕ ਅੰਗਾਂ ਨੂੰ ਸਫ਼ਲ ਕਰਨ ਦਾ ਢੰਗ**

ਮਨੁੱਖ ਦੇ ਸਰੀਰਕ ਅੰਗ ਪਰਮਾਤਮਾ ਨਾਲ ਜੁੜ ਕੇ ਹੀ ਸਫ਼ਲ ਹੋ ਸਕਦੇ ਹਨ। ਮਨੁੱਖ ਨੂੰ ਆਪਣੇ ਕੰਨਾਂ ਨਾਲ ਪਰਮਾਤਮਾ ਦੇ ਗੁਣ ਸੁਣਨੇ ਚਾਹੀਦੇ ਹਨ ਅਤੇ ਜੀਭ ਨਾਲ ਉਸ ਦੀ ਸਿਫਤ ਦੇ ਗੀਤ ਗਾਉਣੇ ਚਾਹੀਦੇ ਹਨ-

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥੧॥ ਰਹਾਉ ॥[31]

## 2.6 **ਮਨੁੱਖਾ ਜੀਵਨ ਦੀ ਵਿਅਰਥਤਾ ਦੇ ਕਾਰਨ**

(ੳ) ਮਨੁੱਖ ਲੋਭ ਅਧੀਨ ਹੋ ਕੇ ਉਹ ਕਾਰਜ ਨਹੀਂ ਕਰਦਾ ਜੋ ਉਸ ਦੇ ਜੀਵਨ ਨੂੰ ਸਾਰਥਕ ਸੇਧ ਪ੍ਰਦਾਨ ਕਰਦੇ ਹਨ।[32]

(ਅ) ਮਾਇਆ ਵਿਚ ਲਿਪਤ ਹੋ ਕੇ ਮਨੁੱਖ ਪਰਮਾਤਮਾ ਦੇ ਸਿਮਰਨ ਦੀ ਥਾਂ ਦੁਨਿਆਵੀ ਕਾਰਜਾਂ ਦੀ ਇੱਛਾ ਰੱਖਦਾ ਹੈ ਅਤੇ ਦੂਸਰੇ ਮਨੁੱਖਾਂ ਨੂੰ ਠੱਗਣ ਦੀਆਂ ਸੋਚਾਂ ਸੋਚਦਾ ਹੈ ਪਰ ਮੌਤ ਦੀ ਫਾਹੀ ਗਲ ਵਿਚ ਆ ਪੈਂਦੀ ਹੈ।[33]

---

[30] ਮਨ ਕਰਿ ਕਬਹੂ ਨ ਹਰਿ ਗੁਨ ਗਾਇਓ ॥
ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ ॥੧॥ ਰਹਾਉ ॥
ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ ॥
ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥੧॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1231-32

[31] ਉਹੀ, ਅੰਗ 631

[32] ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥
ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥੩੬॥ -ਉਹੀ, ਅੰਗ 1428

(ੲ) ਸੰਸਾਰਿਕ ਸੁੱਖਾਂ ਦੀ ਪ੍ਰਾਪਤੀ ਲਈ ਤਾਂ ਮਨੁੱਖ ਬਹੁਤ ਯਤਨ ਕਰਦਾ ਹੈ ਅਤੇ ਆਉਣ ਵਾਲੇ ਦੁੱਖਾਂ ਨੂੰ ਰੋਕਣ ਲਈ ਕੋਈ ਉਪਾਅ ਨਹੀਂ ਕਰਦਾ ਪਰ ਹੁੰਦਾ ਉਹੀ ਹੈ ਜੋ ਪਰਮਾਤਮਾ ਦੀ ਰਜਾ ਹੋਵੇ।[34]

## 2.7 **ਮਨੁੱਖਾ ਜੀਵਨ ਸਫਲ ਕਰਨ ਦਾ ਢੰਗ**[35]

(ੳ) ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ ਕਿਉਂਕਿ ਇਹੀ ਮਨੁੱਖਾ ਜੀਵਨ ਦਾ ਅਸਲ ਕਾਰਜ ਹੈ।

(ਅ) ਮੋਹ ਮਾਇਆ ਦਾ ਸਾਥ ਛੱਡ ਕੇ ਪਰਮਾਤਮਾ ਦੀ ਸ਼ਰਨ ਵਿਚ ਆਉਣਾ।

(ੲ) ਸੰਸਾਰ ਦੇ ਸੁੱਖਾਂ ਨੂੰ ਅਸਥਾਈ ਮੰਨਣਾ ਕਿਉਂਕਿ ਇਹ ਸਭ ਝੂਠ ਦਾ ਪਸਾਰਾ ਹੈ।

(ਸ) ਧਨ ਦੌਲਤ ਨੂੰ ਸੁਪਨੇ ਵਾਂਗ ਸਮਝ ਕੇ ਇਸ ਦਾ ਹੰਕਾਰ ਨਾ ਕਰਨਾ।

## 3. **ਜਗਤ ਰਚਨਾ**

ਗੁਰੂ ਸਾਹਿਬਾਨ ਨੇ ਇਸ ਜਗਤ ਨੂੰ ਗੁਰਬਾਣੀ ਵਿਚ 'ਸਚੇ ਕੀ ਕੋਠੜੀ'

---

[33] ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥੩੮॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428

[34] ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥੩੯॥ -ਉਹੀ।

[35] ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥
ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥੧॥ ਰਹਾਉ ॥
ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ ॥ -ਉਹੀ, ਅੰਗ 1352

ਕਿਹਾ ਆਖਿਆ ਹੈ ਜਿਸ ਵਿਚ ਅਕਾਲ ਪੁਰਖ ਦਾ ਵਾਸਾ ਹੈ[36] ਪਰੰਤੂ ਪਰਮਾਤਮਾ ਤੋਂ ਟੁੱਟੇ ਹੋਏ ਮਾਇਕ ਬਿਰਤੀ ਵਾਲਿਆਂ ਲਈ ਇਹ 'ਕੂੜੁ ਸਭੁ ਸੰਸਾਰੁ' ਦਾ ਰੂਪ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਾਇਆ ਵਿਚ ਗਲਤਾਨ ਮਨੁੱਖੀ ਮਨ ਨੂੰ ਪਰਮਾਤਮਾ ਨਾਲ ਜੋੜਨ ਲਈ ਵਾਰ-ਵਾਰ ਸੰਸਾਰ ਦੀ ਨਾਸ਼ਵਾਨਤਾ ਵਾਲਾ ਪੱਖ ਪੇਸ਼ ਕੀਤਾ ਹੈ। ਉਨ੍ਹਾਂ ਨੇ ਇਸ ਨੂੰ ਦਰਸਾਉਣ ਲਈ ਜਗਤ ਰਚਨਾ ਦੇ ਹੇਠ ਲਿਖੇ ਅਲੰਕ੍ਰਿਤ ਰੂਪ ਪੇਸ਼ ਕੀਤੇ ਹਨ-

(ੳ) ਬੱਦਲ ਦੀ ਛਾਂ-

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥[37]

(ਅ) ਸੁਪਨੇ ਵਾਂਗ ਅਸਥਿਰ-

ਰੇ ਨਰ ਇਹ ਸਾਚੀ ਜੀਅ ਧਾਰਿ ॥
ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥੧॥ਰਹਾਉ॥ [38]
ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩[39]

(ੲ) ਪਾਣੀ ਦਾ ਬੁਲਬੁਲਾ-

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥

---

[36] ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥

-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 463.

[37] ਉਹੀ, ਅੰਗ 219.

[38] ਉਹੀ, ਅੰਗ 633.

[39] ਉਹੀ, ਅੰਗ 1427.

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥[40]

(ਸ) ਰੇਤ ਦੀ ਕੰਧ-

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥[41]

(ਹ) ਮ੍ਰਿਗ ਤ੍ਰਿਸ਼ਨਾ-

ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ ॥[42]

ਉਪਰੋਕਤ ਅਲੰਕਾਰ ਸੰਸਾਰ ਦੀ ਥੋੜ੍ਹ-ਚਿਰੀ ਹੋਂਦ ਨੂੰ ਪ੍ਰਗਟ ਕਰਦੇ ਹਨ ਜਿਸ ਤੋਂ ਜਗਤ ਦੀ ਅਸਥਿਰਤਾ ਵਾਲਾ ਪੱਖ ਸਾਹਮਣੇ ਆਉਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅਸਥਿਰ ਸੰਸਾਰ ਵਿਚ ਤਿੰਨ ਚੀਜਾਂ ਦੀ ਹੋਂਦ ਨੂੰ ਸਦੀਵੀ ਤੌਰ 'ਤੇ ਕਾਇਮ ਰਹਿਣ ਵਾਲਾ ਮੰਨਿਆ ਹੈ- ਪਰਮਾਤਮਾ ਦਾ ਨਾਮ, ਇਸ ਨੂੰ ਜਪਣ ਵਾਲੇ ਸਾਧੂ ਅਤੇ ਨਾਮ ਜਪਣ ਦੀ ਜੁਗਤੀ ਦੱਸਣ ਵਾਲੇ ਗੁਰੂ-

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥[43]

## 4. **ਨਾਮ**

'ਨਾਮ' ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਆਧਾਰਭੂਤ ਵਿਸ਼ਾ ਹੈ। ਇਸ ਸੰਬੰਧੀ ਪਿਛਲੇ ਪੰਨਿਆਂ ਵਿਚ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਅਸਲ ਉਦੇਸ਼ ਮਨੁੱਖ ਨੂੰ ਮੋਹ ਮਾਇਆ ਤੋਂ

---

[40] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427.

[41] ਉਹੀ, ਅੰਗ 1429.

[42] ਉਹੀ, ਅੰਗ 536.

[43] ਉਹੀ, ਅੰਗ 1429.

ਮੁਕਤ ਕਰਕੇ ਪਰਮਾਤਮਾ ਦੇ ਨਾਮ ਨਾਲ ਜੋੜਨਾ ਹੈ ਜਿਸ ਰਾਹੀਂ ਮਨੁੱਖਾ ਜੀਵਨ ਦੀ ਸਫਲਤਾ ਸੰਭਵ ਹੈ। ਉਨ੍ਹਾਂ ਦੀ ਬਾਣੀ ਵਿੱਚੋ ਨਾਮ ਦੇ ਹੇਠ ਲਿਖੇ ਪੱਖ ਸਾਹਮਣੇ ਆਉਂਦੇ ਹਨ-

## 4.1 **ਨਾਮ ਜਪਣ ਵਾਲਾ ਮਨੁੱਖ ਹੀ ਸੁਖੀ ਹੁੰਦਾ ਹੈ**

ਸੰਸਾਰ ਵਿਚ ਕੇਵਲ ਪਰਮਾਤਮਾ ਦਾ ਨਾਮ ਜਪਣ ਵਾਲਾ ਮਨੁੱਖ ਹੀ ਸੁਖੀ ਹੁੰਦਾ ਹੈ। ਅਜਿਹੇ ਮਨੁੱਖ ਤੋਂ ਇਲਾਵਾ ਸਮੁੱਚਾ ਸੰਸਾਰ ਮਾਇਆ ਦੇ ਮੋਹ ਅਧੀਨ ਜੀਵਨ ਦੇ ਅਸਲ ਮਨੋਰਥ ਨੂੰ ਦੂਰ ਹੋ ਜਾਂਦਾ ਹੈ-

ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥
ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥੩॥੮॥[44]

## 4.2 **ਨਾਮ-ਸਿਮਰਨ: ਜੀਵਨ ਮੁਕਤੀ ਦਾ ਰਾਹ**

ਅਮੋਲਕ ਮਨੁੱਖਾ ਜੀਵਨ ਨੂੰ ਸਫਲ ਕਰਨ ਲਈ ਇਹ ਜ਼ਰੂਰੀ ਹੈ ਕਿ ਪਰਮਾਤਮਾ ਦੇ ਗੁਣਾਂ ਦਾ ਗਾਇਨ ਕੀਤਾ ਜਾਵੇ। ਜਿਸ ਪਰਮਾਤਮਾ ਦੇ ਨਾਮ ਸਿਮਰਨ ਨਾਲ ਸਾਰੇ ਦੁੱਖ ਸੰਕਟ ਖਤਮ ਹੋ ਜਾਂਦੇ ਹਨ ਅਤੇ ਜੋ ਜੀਵਨ ਮੁਕਤੀ ਦਾ ਰਾਹ ਹੈ, ਮਨੁੱਖ ਨੂੰ ਵਿਸ਼ੇ-ਵਿਕਾਰ ਛੱਡ ਕੇ ਉਸ ਦਾ ਸਿਮਰਨ ਕਰਨਾ ਚਾਹੀਦਾ ਹੈ।[45]

---

[44] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 220

[45] ਸਾਧੋ ਗੋਬਿੰਦ ਕੇ ਗੁਨ ਗਾਵਉ ॥
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥੧॥ ਰਹਾਉ ॥
ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ ॥
ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥੧॥

## 4.3 **ਨਾਮ ਸਿਮਰਨ ਦੁਆਰਾ ਸ਼ਰਨਾਗਤ ਅਤੇ ਪਤਿਤ ਮਨੁੱਖਾਂ ਦਾ ਉਧਾਰ**

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਰਮਾਤਮਾ ਦੇ ਨਾਮ ਨੂੰ ਪਾਪੀ ਮਨੁੱਖਾਂ ਅਤੇ ਇਸ ਦਾ ਸਿਮਰਨ ਕਰਨ ਵਾਲੇ ਸ਼ਰਨਾਗਤ ਮਨੁੱਖਾਂ ਦਾ ਉਧਾਰ ਕਰਨ ਵਾਲਾ ਦਰਸਾਇਆ ਹੈ। ਇਸ ਸੰਬੰਧ ਵਿਚ ਉਨ੍ਹਾਂ ਨੇ ਪੌਰਾਣਿਕ ਪਾਤਰ- ਗਨਿਕਾ, ਧ੍ਰੂਅ, ਗਜ, ਅਜਾਮਲ ਆਦਿ ਦੇ ਨਾਮ ਸਿਮਰਨ ਰਾਹੀਂ ਉਧਾਰ ਹੋ ਜਾਣ ਦੇ ਹਵਾਲੇ ਪੇਸ਼ ਕਰਦੇ ਹੋਏ ਮਨੁੱਖ ਨੂੰ ਨਾਮ-ਸਿਮਰਨ ਦੀ ਪ੍ਰੇਰਨਾ ਦਿੱਤੀ ਹੈ।[46]

ਪਰਮਾਤਮਾ ਦਾ ਨਾਮ ਪਤਿਤਾਂ ਦਾ ਉਧਾਰ ਕਰਨ ਵਾਲਾ ਡਰ ਦੂਰ ਕਰਨ ਵਾਲਾ ਅਤੇ ਅਨਾਥਾਂ ਦਾ ਨਾਥ ਹੈ ਜੋ ਹਮੇਸ਼ਾ ਹੀ ਮਨੁੱਖ ਦੇ ਨਾਲ ਰਹਿੰਦਾ ਹੈ-

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥
ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥[47]

## 4.4 **ਨਾਮ ਤੋਂ ਬਿਨਾਂ ਮਨੁੱਖਾ ਜੀਵਨ ਦੀ ਵਿਅਰਥਤਾ**

---

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥੫॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219

[46] ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥ ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥੧॥ ਰਹਾਉ ॥ ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥
ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥੧॥
ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥
ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ ॥੨॥
ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥
ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥੩॥੪॥ -ਉਹੀ, ਅੰਗ 632.

[47] ਉਹੀ, ਅੰਗ 1426.

ਨਾਮ ਤੋਂ ਵਿਹੂਣੇ ਜੀਵਨ ਵਾਲੇ ਮਨੁੱਖ ਦਾ ਸਮੁੱਚਾ ਜੀਵਨ ਨਾਮ ਦੀ ਅਣਹੋਂਦ ਕਾਰਨ ਵਿਅਰਥ ਚਲਿਆ ਜਾਂਦਾ ਹੈ-

ਜਾ ਮੈ ਭਜਨੁ ਰਾਮ ਕੋ ਨਾਹੀ ॥
ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ ॥੧॥[48]

ਇਸ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਵਾਰ-ਵਾਰ ਨਾਮ ਸਿਮਰਨ ਦੀ ਤਾਕੀਦ ਕੀਤੀ ਗਈ ਹੈ ਕਿਉਂਕਿ ਮਨੁੱਖਾ ਜੀਵਨ ਵਾਲਾ ਕੀਮਤੀ ਮੌਕਾ ਬੀਤਦਾ ਚਲਿਆ ਜਾਂਦਾ ਹੈ।[49] ਤਿਲੰਗ ਰਾਗ ਦੇ ਇਸ ਸ਼ਬਦ ਰਾਹੀਂ ਮਨੁੱਖ ਨੂੰ ਉਸ ਦੇ ਜੀਵਨ ਦੇ ਪਲ-ਪਲ ਬੀਤ ਜਾਣ ਦਾ ਹਵਾਲਾ ਦਿੰਦੇ ਹੋਏ ਮੋਹ-ਮਾਇਆ ਦੇ ਝੂਠੇ ਲਾਲਚਾਂ ਨੂੰ ਤਿਆਗ ਕੇ ਨਾਮ ਸਿਮਰਨ ਦੀ ਤਾਕੀਦ ਕੀਤੀ ਗਈ ਹੈ-

ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥ ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥੧॥ ਰਹਾਉ ॥ ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥ ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥੧॥ ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥ ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥੨॥੧॥[50]

## 4.5 **ਨਾਮ ਦੇ ਮੁਕਾਬਲੇ ਧਰਮਾਂ ਕਰਮਾਂ ਦੀ ਨਿਰਾਰਥਕਤਾ**

ਮਨੁੱਖ ਦੁਆਰਾ ਨਾਮ ਸਿਮਰਨ ਤੋਂ ਬਿਨਾ ਕੀਤੇ ਗਏ ਤੀਰਥ, ਵਰਤ,

---

[48] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,, ਅੰਗ 831.

[49] ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥
ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ ॥੧॥ ਰਹਾਉ॥ - ਉਹੀ, ਅੰਗ 727

[50] ਉਹੀ, ਅੰਗ 726.

ਯੋਗ ਸਾਧਨਾ, ਯੱਗ ਆਦਿ ਧਰਮ ਕਰਮ ਕਿਸੇ ਅਰਥ ਨਹੀਂ ਰਹਿ ਜਾਂਦੇ ਹਨ।[51] ਅਕਾਲ ਪੁਰਖ ਦੇ ਨਾਮ ਤੋਂ ਬਿਨਾਂ ਅਜਿਹੇ ਧਾਰਮਿਕ ਕਰਮ ਪਾਣੀ ਵਿਚ ਪਏ ਹੋਏ ਪੱਥਰ ਵਾਂਗ ਹੁੰਦੇ ਹਨ ਜਿਸ 'ਤੇ ਪਾਣੀ ਕੋਈ ਅਸਰ ਨਹੀਂ ਕਰਦਾ-

ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥
ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ ॥੨॥[52]

## 4.6 **ਨਾਮ ਸਿਮਰਨ ਦਾ ਮਹੱਤਵ**

ਪਰਮਾਤਮਾ ਦਾ ਨਾਮ ਸਿਮਰਨ ਕਰਨ ਨਾਲ ਮਨੁੱਖ ਦੀ ਖੋਟੀ ਮੱਤ ਦਾ ਨਾਸ ਹੋ ਜਾਂਦਾ ਹੈ ਅਤੇ ਵਿਸ਼ੇ-ਵਿਕਾਰਾਂ ਤੋਂ ਮੁਕਤ ਉੱਚ ਆਤਮਕ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ-

ਰੇ ਮਨ ਓਟ ਲੇਹੁ ਹਰਿ ਨਾਮਾ ॥
ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥੧॥[53]

ਨਾਮ-ਰੂਪ ਧਨ ਦੀ ਪ੍ਰਾਪਤੀ ਤੋਂ ਬਾਅਦ ਮਨੁੱਖੀ ਮਨ ਦੀ ਭਟਕਣਾ ਖਤਮ ਹੋ ਕੇ ਟਿਕਾਅ ਆ ਜਾਂਦਾ ਹੈ, ਸਰੀਰ ਵਿਚੋਂ ਮੋਹ ਮਾਇਆ ਦਾ ਨਾਸ ਹੋ ਕੇ ਨਿਰਮਲ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਮੋਹ ਮਾਇਆ ਉਸ ਮਨੁੱਖ ਤੇ ਅਸਰ ਨਹੀਂ ਕਰਦੀ, ਜਨਮਾਂ-ਜਨਮਾਂ ਦਾ ਸੰਸਾ ਖਤਮ ਹੋ ਜਾਂਦਾ ਹੈ ਅਤੇ

---

[51] ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 830-31

[52] ਉਹੀ ।

[53] ਉਹੀ, ਅੰਗ 901.

ਆਤਮਕ ਸੁਖ ਪ੍ਰਾਪਤ ਹੋ ਜਾਂਦਾ ਹੈ।[54]

## 4.7 **ਨਾਮ ਦੇ ਮੁਕਾਬਲੇ ਸੰਸਾਰਕ ਰਿਸ਼ਤਿਆਂ-ਪਦਾਰਥਾਂ ਦੀ ਅਸਥਿਰਤਾ**

ਜਿਹੜੇ ਸੰਸਾਰੀ ਰਿਸ਼ਤਿਆਂ ਅਤੇ ਪਦਾਰਥਾਂ (ਸਰੀਰ, ਇਸਤਰੀ, ਘਰ-ਬਾਰ ਆਦਿ) ਦੇ ਮੋਹ ਵਿਚ ਪੈ ਕੇ ਮਨੁੱਖ ਨਾਮ ਨੂੰ ਭੁੱਲ ਜਾਂਦਾ ਹੈ, ਉਹ ਸਾਰੇ ਧੂੰਏ ਦੇ ਪਹਾੜ ਵਾਂਗ ਅਸਥਿਰ ਹਨ ਜੋ ਅੰਤ ਸਮੇਂ ਮਨੁੱਖ ਦੇ ਨਾਲ ਨਹੀਂ ਨਿਭਦੇ। ਇੱਕ ਪਰਮਾਤਮਾ ਦਾ ਨਾਮ ਹੀ ਮਨੁੱਖ ਦਾ ਸਦੀਵੀ ਸਾਥ ਦਿੰਦਾ ਹੈ।[55]

ਇਹ ਸਾਰਾ ਸੰਸਾਰ ਸੁੱਖ ਵਿਚ ਹੀ ਮਨੁੱਖ ਦਾ ਸਾਥ ਦਿੰਦਾ ਹੈ ਦੁੱਖ ਵਿਚ ਕੋਈ ਵੀ ਮਨੁੱਖ ਦਾ ਸਾਥੀ ਨਹੀਂ ਹੁੰਦਾ। ਇਸ ਲਈ ਮਨੁੱਖ ਨੂੰ ਸਦਾ ਸਾਥ ਦੇਣ ਵਾਲੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ-

ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥

---

[54] ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,, ਅੰਗ 1186

[55] ਮਨ ਕਹਾ ਬਿਸਾਰਿਓ ਰਾਮ ਨਾਮੁ ॥ ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥੧॥ ਰਹਾਉ ॥
ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥
ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥
ਇਕ ਭਗਤਿ ਨਾਰਾਇਨ ਹੋਇ ਸੰਗਿ॥ ਕਹੁ ਨਾਨਕ ਭਜੁ ਤਿਹ ਏਕ ਰੰਗਿ॥੩॥੪॥
-ਉਹੀ, ਅੰਗ 1186-87

ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥[56]

### 4.8 **ਨਾਮ ਕੌਣ ਜਪਦਾ ਹੈ**?

ਇਸ ਸਵਾਲ ਦੇ ਜਵਾਬ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਰਮਾਤਮਾ ਦੀ ਕਿਰਪਾ ਨਾਲ ਜੋੜਿਆ ਹੈ। ਜਿਸ ਮਨੁੱਖ ਉਤੇ ਪਰਮਾਤਮਾ ਦਇਆਲੂ ਹੁੰਦਾ ਹੈ, ਉਹ ਮਨੁੱਖ ਹੀ ਉਸ ਦੇ ਗੁਣ ਗਾਉਂਦਾ ਹੈ। ਅਜਿਹੀ ਨਾਮ ਰੂਪ ਦੌਲਤ ਦੀ ਪ੍ਰਾਪਤੀ ਕੋਈ ਗੁਰਮੁਖ ਜਨ ਹੀ ਕਰਦਾ ਹੈ-

ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥[57]

### 4.9 **ਨਾਮ ਜਪਣ ਦਾ ਢੰਗ**

ਨਾਮ ਜਪਣ ਲਈ ਜਰੂਰੀ ਹੈ ਕਿ ਮਨੁੱਖ ਆਪਣੇ ਮਨ ਨੂੰ ਵਿਸ਼ੇ-ਵਿਕਾਰਾਂ ਤੋਂ ਹਟਾ ਕੇ ਨਾਮ ਸਿਮਰਨ ਵਿਚ ਇਕਾਗਰ ਕਰੇ। ਇਸ ਸੰਬੰਧ ਵਿਚ ਗੁਰੂ ਸਾਹਿਬ ਜੀ ਨੇ ਦੋ ਦ੍ਰਿਸ਼ਟਾਂਤ ਪੇਸ਼ ਕੀਤੇ ਹਨ ਜਿਨ੍ਹਾਂ ਦੀ ਇਕਾਗਰਤਾ ਵਾਂਗ ਮਨੁੱਖ ਨੂੰ ਨਾਮ ਸਿਮਰਨ ਵਿਚ ਇਕਾਗਰਤਾ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਹੈ। ਇਹ ਦੋ ਦ੍ਰਿਸਟਾਂਤ ਹਨ-

(ੳ) ਮੱਛੀ-

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥[58]

(ਅ) ਕੁੱਤਾ-

---

[56] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428

[57] ਉਹੀ, ਅੰਗ 1186.

[58] ਉਹੀ, ਅੰਗ 1426.

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ ॥੪੫॥[59]

## 4.10 **ਮਨੁੱਖ ਦੁਆਰਾ ਨਾਮ-ਸਿਮਰਨ ਨਾ ਕਰਨ ਦਾ ਕਾਰਨ**

ਮਨੁੱਖ ਜਦੋਂ ਸੰਸਾਰ ਅਤੇ ਸੰਸਾਰਕ ਰਿਸ਼ਤਿਆਂ-ਪਦਾਰਥਾਂ ਨੂੰ ਹੀ ਅਸਲੀਅਤ ਮੰਨ ਕੇ ਇਨ੍ਹਾਂ ਦੀ ਮੋਹ ਮਾਇਆ ਵਿਚ ਹੀ ਖਚਿਤ ਹੋ ਜਾਂਦਾ ਹੈ ਤਾਂ ਪਰਮਾਤਮਾ ਦੇ ਨਾਮ ਨੂੰ ਭੁਲਾ ਦਿੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਅਨੇਕਾਂ ਵਾਰ ਇਸ ਮੋਹ ਦਾ ਤਿਆਗ ਕਰਕੇ ਨਾਮ ਨਾਲ ਜੁੜਨ ਦੀ ਪ੍ਰੇਰਨਾ ਕੀਤੀ ਹੈ। ਇਹ ਸੰਸਾਰ ਦੀ ਮੋਹ-ਮਾਇਆ ਹੀ ਹੈ ਜਿਸ ਵਿਚ ਅੰਨ੍ਹਾ ਹੋਇਆ ਮਨੁੱਖ ਪਰਮਾਤਮਾ ਦਾ ਨਾਮ ਸਿਮਰਨ ਨਹੀਂ ਕਰਦਾ-

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥੩੧॥[60]

## 4.11 **ਨਾਮ ਤੋਂ ਵਿਹੂਣੇ ਮਨੁੱਖ ਦੀ ਹਾਲਤ**

ਨਾਮ ਤੋਂ ਵਿਹੂਣੇ ਮਨੁੱਖ ਦੇ ਸਰੀਰ ਨੂੰ ਗੁਰੂ ਸਾਹਿਬ ਜੀ ਨੇ ਸੂਰ ਅਤੇ ਕੁੱਤੇ ਦਾ ਦਰਜਾ ਦਿੱਤਾ ਹੈ ਜਿਨ੍ਹਾਂ ਦੀ ਤਰਾਂ ਅਜਿਹੇ ਮਨੁੱਖ ਹਮੇਸ਼ਾ ਵਿਸ਼ੇ-ਵਿਕਾਰਾਂ ਦੇ ਗੰਦ ਵਿਚ ਲਿਪਤ ਰਹਿੰਦੇ ਹਨ-

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥੪੪॥[61]

---

[59] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428

[60] ਉਹੀ ।

[61] ਉਹੀ ।

ਮੋਹ ਮਾਇਆ ਵਿਚ ਲਿਪਤ ਅਜਿਹੇ ਮਨੁੱਖ ਦਾ ਜੀਵਨ ਕਿਸੇ ਕੰਮ ਦਾ ਨਹੀਂ ਜੋ ਪਰਮਾਤਮਾ ਦਾ ਭਜਨ ਨਹੀਂ ਕਰਦਾ-

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩੦॥[62]

## 5. **ਮੁਕਤੀ: ਜੀਵਨ ਮੁਕਤ ਮਨੁੱਖ ਦੀ ਅਵਸਥਾ ਦਾ ਸਰੂਪ**

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮੁਕਤੀ ਦਾ ਅਰਥ ਹੈ- ਛੁਟਿਆ ਹੋਇਆ, ਆਜ਼ਾਦ, ਨਿਰਬੰਧ।[63] ਵੈਦਿਕ ਧਰਮ ਵਿਚ ਮੁਕਤੀ ਤੋਂ ਭਾਵ ਜਨਮ ਮਰਨ ਦੀ ਮੁਕਤੀ ਤੋਂ ਲਿਆ ਜਾਂਦਾ ਹੈ ਜਿਸ ਦੀ ਪ੍ਰਾਪਤੀ ਸਰੀਰ ਦੇ ਤਿਆਗ ਤੋਂ ਬਾਅਦ ਹੋ ਸਕਦੀ ਹੈ। ਬੁੱਧ ਧਰਮ ਵਿਚ ਮੁਕਤੀ ਦਾ ਸੰਦਰਭ ਦੁੱਖਾਂ ਦੀ ਨਿਵਿਰਤੀ ਨਾਲ ਜੁੜਦਾ ਹੈ। ਜੈਨ ਧਰਮ ਵਿਚ ਆਤਮਾ ਨੂੰ ਬੰਧਨਾਂ ਤੋਂ ਮੁਕਤ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ।

ਸਿੱਖ ਧਰਮ ਵਿਚ ਮਰਨ ਤੋਂ ਬਾਅਦ ਵਾਲੀ ਮੁਕਤੀ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਗੁਰਬਾਣੀ ਵਿਚ ਸਰੀਰਕ ਹੋਂਦ ਵਾਲੀ ਜੀਵਿਤ ਅਵਸਥਾ ਦੌਰਾਨ ਹੀ ਵਿਸ਼ੇ-ਵਿਕਾਰਾਂ ਤੋਂ ਮੁਕਤ ਹੋਣ ਦੀ ਗੱਲ ਕੀਤੀ ਗਈ ਹੈ ਜਿਸ ਨੂੰ 'ਜੀਵਨ ਮੁਕਤ' ਵਾਲੀ ਸਮ ਅਵਸਥਾ ਦਾ ਨਾਮ ਦਿੱਤਾ ਗਿਆ ਹੈ।[64]

---

[62] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428

[63] ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 843.

[64] ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਆਪਣੀ ਬਾਣੀ ਅੰਦਰ ਮੁਕਤੀ ਦੇ ਸੰਦਰਭ ਵਿਚ ਜੀਵਨ ਮੁਕਤੀ ਦਾ ਸੰਕਲਪ ਪੇਸ਼ ਕੀਤਾ ਹੈ। ਇਹ ਮੁਕਤੀ ਮਨੁੱਖ ਨੂੰ ਸਮ ਅਵਸਥਾ ਦਾ ਧਾਰਨੀ ਬਣਾਉਂਦੀ ਹੈ। ਗੁਰੂ ਸਾਹਿਬ ਜੀ ਨੇ ਸੋਰਠਿ, ਧਨਾਸਰੀ, ਗਉੜੀ ਰਾਗ ਦੇ ਸ਼ਬਦਾਂ ਅਤੇ ਆਪਣੇ ਸਲੋਕਾਂ ਵਿਚ ਜੀਵਨ ਮੁਕਤ ਵਾਲੀ ਅਵਸਥਾ ਨੂੰ ਚਿਤ੍ਰਿਤ ਕੀਤਾ ਹੈ। ਇਸ ਉੱਚ ਅਵਸਥਾ ਵਿਚ ਮਨੁੱਖ ਇਨ੍ਹਾਂ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ[65]-

(ੳ) ਸੰਸਾਰਕ ਦੁੱਖ ਵਾਲੀ ਸਥਿਤੀ ਵਿਚ ਦੁੱਖ ਨੂੰ ਮਹਿਸੂਸ ਨਹੀਂ ਕਰਦਾ।

(ਅ) ਸੁੱਖਾਂ ਨਾਲ ਮੋਹ ਨਹੀਂ ਪਾਉਂਦਾ। ਹਰ ਕਿਸਮ ਦੇ ਡਰ ਤੋਂ ਮੁਕਤ ਹੁੰਦਾ ਹੈ ਅਤੇ ਸੋਨੇ ਨੂੰ ਮਿੱਟੀ ਦੇ ਸਮਾਨ ਸਮਝਦਾ ਹੈ।

(ੲ) ਕਿਸੇ ਦੂਸਰੇ ਮਨੁੱਖ ਦੀ ਨਿੰਦਿਆ, ਚੁਗਲੀ ਅਤੇ ਖੁਸ਼ਾਮਦ ਨਹੀਂ ਕਰਦਾ। ਉਸ ਅੰਦਰ ਨਾ ਲੋਭ ਹੁੰਦਾ ਹੈ, ਨਾ ਮੋਹ ਅਤੇ ਨਾ ਅਹੰਕਾਰ।

(ਸ) ਖੁਸ਼ੀ-ਗਮੀ, ਆਦਰ-ਨਿਰਾਦਰ ਤੋਂ ਨਿਰਲੇਪ ਰਹਿੰਦਾ ਹੈ।

(ਹ) ਦੁਨਿਆਵੀ ਆਸਾਂ ਅਤੇ ਉਮੀਦਾਂ ਦਾ ਤਿਆਗ ਕਰਕੇ ਜਗਤ ਤੋਂ ਨਿਰਲੇਪ ਰਹਿੰਦਾ ਹੈ।

---

ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥

-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 275

[65] ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥ -ਉਹੀ, ਅੰਗ 633

(ਕ) ਵਿਸ਼ੇ-ਵਿਕਾਰ ਉਸ 'ਤੇ ਪ੍ਰਭਾਵ ਨਹੀਂ ਪਾ ਸਕਦੇ।

ਇਹ ਅਵਸਥਾ ਗੁਰੂ ਦੀ ਕਿਰਪਾ ਰਾਹੀਂ ਹੀ ਪ੍ਰਾਪਤ ਹੁੰਦੀ ਹੈ[66] ਅਤੇ ਕਰੋੜਾਂ ਮਨੁਖਾਂ ਵਿਚੋਂ ਕੋਈ ਵਿਰਲਾ ਮਨੁੱਖ ਹੀ ਇਸ ਅਵਸਥਾ ਦਾ ਧਾਰਨੀ ਹੁੰਦਾ ਹੈ।[67]

## 6. **ਵੈਰਾਗ/ਬੈਰਾਗ**

ਵੈਰਾਗ ਦੇ ਸਿਧਾਂਤਕ ਅਰਥ ਹਨ-ਨਿਰਲੇਪਤਾ, ਉਦਾਸੀਨਤਾ, ਨਿਰਮੋਹਤਾ, ਉਪਰਾਮਤਾ, ਨਿਰਇੱਛਤਾ ਆਦਿ। ਗੁਰਬਾਣੀ ਵਿਚ ਵੈਰਾਗ ਸ਼ਬਦ ਨੂੰ ਬੈਰਾਗ, ਬੈਰਾਗੁ, ਬੈਰਾਗਿ ਆਦਿ ਰੂਪਾਂ ਵਿਚ ਪ੍ਰਯੋਗ ਕੀਤਾ ਗਿਆ ਹੈ ਜਿਸ ਦਾ ਸਿਧਾਂਤਕ ਰੂਪ ਭਾਰਤੀ ਪਰੰਪਰਾ ਵਿਚ ਪ੍ਰਚਲਿਤ ਵੈਰਾਗ ਦੇ ਰੂਪ ਤੋਂ ਬਿਲਕੁਲ ਵੱਖਰਾ ਹੈ। ਭਾਰਤੀ ਪਰੰਪਰਾ ਦਾ ਵੈਰਾਗ ਮਨੁੱਖ ਨੂੰ ਘਰ-ਪਰਿਵਾਰ ਆਦਿ ਦਾ ਸੰਪੂਰਨ ਤਿਆਗ ਕਰਵਾ ਕੇ ਨਿਜ ਮੁਕਤੀ ਦੇ ਉਦੇਸ਼ ਨਾਲ ਜੋੜਦਾ ਹੈ, ਦੂਸਰੇ ਪਾਸੇ ਗੁਰਬਾਣੀ ਦਾ ਵੈਰਾਗ ਮਨੁੱਖ ਨੂੰ ਸੰਸਾਰ ਵਿਚ 'ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ' ਵਾਲੇ ਰੂਪ ਵਿਚ ਹੀ ਇਸ ਦੇ ਪਦਾਰਥਕ ਮੋਹ ਤੋਂ ਨਿਰਲੇਪ ਕਰਵਾ ਕੇ ਜੀਵਨ ਮੁਕਤ ਦੀ ਅਵਸਥਾ ਦਾ ਧਾਰਨੀ ਬਣਾਉਂਦਾ ਹੈ ਅਤੇ ਨਿਜੀ ਮੁਕਤੀ ਦੀ ਥਾਂ 'ਸਰਬੱਤ ਦਾ ਭਲਾ' ਵਾਲੀ ਭਾਵਨਾ ਪੈਦਾ ਕਰਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਨੂੰ ਵਿਸ਼ੇ-ਵਿਕਾਰਾਂ ਦਾ ਤਿਆਗ ਕਰ ਕੇ ਸੰਸਾਰਕ ਮੋਹ ਪ੍ਰਤੀ ਵੈਰਾਗ ਧਾਰਨ ਕਰਨ ਦਾ ਉਪਦੇਸ਼ ਕੀਤਾ ਹੈ।

---

[66] ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 633.

[67] ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥ -ਉਹੀ, 1427

ਅਜਿਹਾ ਵੈਰਾਗ ਧਾਰਨ ਕਰਨ ਵਾਲੇ ਨੂੰ ਉਨ੍ਹਾਂ ਨੇ ਚੰਗੇ ਭਾਗਾਂ ਵਾਲਾ ਕਿਹਾ ਹੈ–

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥[68]

ਗੁਰੂ ਸਾਹਿਬ ਜੀ ਦੀ ਬਾਣੀ ਅੰਦਰ ਮੁੱਖ ਰੂਪ ਵਿਚ ਤਿੰਨ ਪ੍ਰਕਾਰ ਦਾ ਵੈਰਾਗ ਸਾਹਮਣੇ ਆਉਂਦਾ ਹੈ ਜੋ ਨਾਸ਼ਵਾਨਤਾ ਵਾਲੇ ਰੂਪ ਰਾਹੀ ਪ੍ਰਗਟ ਹੁੰਦਾ ਹੈ। ਵੈਰਾਗ ਦੇ ਇਹ ਤਿੰਨ ਰੂਪ ਇਸ ਪ੍ਰਕਾਰ ਹਨ–

(ੳ) ਸੰਸਾਰ ਅਤੇ ਸੰਸਾਰਕ ਪਦਾਰਥਾਂ ਦੀ ਛਿੰਨ ਭੰਗਰਤਾ ਤੋਂ ਪੈਦਾ ਹੋਣ ਵਾਲਾ ਵੈਰਾਗ-

ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥
ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥[69]
ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ ॥
ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ ॥੧॥[70]

(ਅ) ਸੰਸਾਰਕ ਰਿਸ਼ਤਿਆਂ ਦੀ ਬੇਵਫਾਈ ਅਤੇ ਸਵਾਰਥ ਤੋਂ ਪ੍ਰਗਟ ਹੋਣ ਵਾਲਾ ਵੈਰਾਗ-

ਇਹ ਜਗਿ ਮੀਤੁ ਨ ਦੇਖਿਓ ਕੋਈ ॥
ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ ॥੧॥ਰਹਾਉ॥
ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥
ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥੧॥[71]

---

[68] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427.

[69] ਉਹੀ, ਅੰਗ 1186-87.

[70] ਉਹੀ, ਅੰਗ 1231.

(ੲ) ਧਾਰਮਿਕ ਕਰਮਾਂ ਦੀ ਨਿਰਾਰਥਕਤਾ ਤੋਂ ਉਪਜਣ ਵਾਲਾ ਵੈਰਾਗ

ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ ॥੧॥
ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥
ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ ॥੨॥[72]

## 7. ਵਿਸ਼ੇ-ਵਿਕਾਰ

ਵਿਸ਼ੇ-ਵਿਕਾਰ ਮਨੁੱਖ ਦੀ ਅਜਿਹੀ ਪ੍ਰਵਿਰਤੀ ਦਾ ਨਾਮ ਹੈ ਜੋ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਕਰ ਕੇ ਅਧਿਆਤਮਕ ਮਾਰਗ ਤੋਂ ਭਟਕਾ ਦਿੰਦੀ ਹੈ। ਇਸ ਪ੍ਰਵਿਰਤੀ ਵਿਚ ਪੰਜ ਵਿਕਾਰ ਅਤੇ ਉਹ ਸਾਰੀਆਂ ਤਾਮਸਿਕ ਬਿਰਤੀਆਂ ਸ਼ਾਮਿਲ ਹਨ ਜਿਨ੍ਹਾਂ ਵਿਚ ਨਿਜ ਸਵਾਰਥ ਅਤੇ ਦੂਸਰੇ ਦੀ ਬੁਰਾਈ ਜਾਂ ਨੁਕਸਾਨ ਦਾ ਭਾਵ ਹੁੰਦਾ ਹੈ ਜਿਵੇਂ ਪਰਾਈ ਨਿੰਦਾ, ਚੁਗਲੀ, ਈਰਖਾ, ਚੋਰੀ, ਠੱਗੀ ਆਦਿ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਥਾਂ-ਪੁਰ-ਥਾਂ ਮਨੁੱਖ ਨੂੰ ਵਿਸ਼ੇ-ਵਿਕਾਰਾਂ ਅਤੇ ਮੋਹ ਮਾਇਆ ਤੋਂ ਦੂਰ ਹੋ ਕੇ ਪਰਮਾਤਮਾ ਦੇ ਨਾਮ ਸਿਮਰਨ ਦੀ ਤਾਕੀਦ ਕੀਤੀ ਹੈ, ਉਦਾਹਰਣ ਵਜੋਂ ਸਾਰੰਗ ਰਾਗ ਦੇ ਇੱਕ ਸ਼ਬਦ ਵਿਚ ਗੁਰੂ ਸਾਹਿਬ ਜੀ ਨੇ ਵਿਸ਼ੇ-ਵਿਕਾਰਾਂ ਵਿਚ ਲਿਪਤ ਅਜਿਹੇ ਮਨਮੁਖ ਦੀ ਤਸਵੀਰ ਪੇਸ਼ ਕੀਤੀ ਹੈ ਜਿਸ ਨੇ ਕਦੀ ਵੀ ਮਨ ਕਰਕੇ ਪਰਮਾਤਮਾ ਦੇ ਗੁਣ ਨਹੀਂ ਗਾਏ। ਦਿਨ ਰਾਤ ਵਿਸ਼ੇ-ਵਿਕਾਰਾਂ ਵਿਚ ਮਗਨ ਰਹਿੰਦੇ ਹੋਏ ਗੁਰ-ਉਪਦੇਸ਼ ਨਾ ਸੁਣ ਕੇ, ਪਰਾਈ ਇਸਤਰੀ, ਪਰਾਈ ਨਿੰਦਾ ਆਦਿ ਰਾਹੀਂ ਆਪਣਾ ਜਨਮ

---

[71] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 633.

[72] ਉਹੀ, ਅੰਗ 831

ਵਿਅਰਥ ਗਵਾ ਲੈਂਦਾ ਹੈ।[73]

ਲੋਭ ਵਿਚ ਫਸੇ ਹੋਏ ਮਨੁੱਖ ਨੂੰ ਇਕ ਕੁੱਤੇ ਦੀ ਸੰਗਿਆ ਦਿੱਤੀ ਗਈ ਹੈ ਜੋ ਇਕ ਕੁੱਤੇ ਵਾਂਗ ਦਰ-ਦਰ ਭਟਕਦਾ ਹੈ ਅਤੇ ਉਸ ਨੂੰ ਨਾਮ-ਸਿਮਰਨ ਦੀ ਸਮਝ ਨਹੀਂ ਰਹਿੰਦੀ।[74]

ਮਨੁੱਖ ਦੀ ਹੰਕਾਰ ਵਾਲੀ ਬਿਰਤੀ ਨੂੰ ਗੁਰੂ ਸਾਹਿਬ ਜੀ ਨੇ ਨਾਸ਼ਵਾਨਤਾ ਦੇ ਪੱਖ ਰਾਹੀਂ ਦੂਰ ਕਰਨ ਦੀ ਪ੍ਰੇਰਨਾ ਦਿੱਤੀ ਹੈ ਕਿਉਂਕਿ ਨਾਸ਼ਵਾਨ ਵਸਤੂਆਂ ਦਾ ਹੰਕਾਰ ਕਰਨਾ ਵਿਅਰਥ ਹੈ ਭਾਵੇਂ ਉਹ ਸਰੀਰ ਦਾ ਹੋਵੇ, ਧਨ-ਸੰਪਤੀ, ਪਰਿਵਾਰ ਜਾਂ ਧਾਰਮਿਕ ਕਰਮ ਦਾ ਹੰਕਾਰ ਹੋਵੇ। ਇਨ੍ਹਾਂ ਸਬੰਧੀ ਕੁੱਝ ਹਵਾਲੇ ਇਸ ਪ੍ਰਕਾਰ ਹਨ-

(ੳ) ਮਨੁੱਖਾ ਸਰੀਰ ਦੀ ਨਾਸ਼ਵਾਨਤਾ-

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥[75]

(ਅ) ਪਰਿਵਾਰ ਅਤੇ ਸੰਸਾਰਿਕ ਰਿਸ਼ਤੇ ਨਾਤਿਆਂ ਦੀ ਨਾਸ਼ਵਾਨਤਾ-

---

[73] ਮਨ ਕਰਿ ਕਬਹੂ ਨ ਹਰਿ ਗੁਨ ਗਾਇਓ ॥
ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ ॥੧॥ ਰਹਾਉ ॥
ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ ॥
ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥੧॥
ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ ॥
ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ ॥੨॥੪॥੩॥੧੩॥੧੩੯॥੪॥੧੫੯॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1231-32

[74] ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥੧॥ ਰਹਾਉ ॥
...... ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥-*ਉਹੀ*, ਅੰਗ 411

[75] ਉਹੀ, ਅੰਗ 1428.

ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥
ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥੧॥[76]

(ੲ) ਸੰਸਾਰਕ ਵਸਤੂਆਂ ਦਾ ਹੰਕਾਰ-

ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥
ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥੪੧॥[77]

(ਸ) ਧਾਰਮਿਕ ਕਰਮ ਅਤੇ ਹੰਕਾਰ-

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥[78]

(ਹ) ਧਨ ਸੰਪਤੀ ਦੀ ਨਾਸ਼ਵਾਨਤਾ-

ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ ॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥੧॥ [79]

## 8. **ਮਾਇਆ**

ਮਾਇਆ ਨੂੰ ਧਰਮ ਚਿੰਤਨ ਵਿਚ ਇਕ ਅਜਿਹੇ ਤੱਤ ਵਜੋਂ ਪ੍ਰਵਾਨ ਕੀਤਾ ਗਿਆ ਹੈ ਜਿਸ ਦੇ ਪ੍ਰਭਾਵ ਅਧੀਨ ਜੀਵ, ਦੁਨਿਆਵੀ ਮੋਹ ਵਿਚ ਪੈ ਕੇ ਉਸ ਪਰਮ ਸੱਤਾ ਤੋਂ ਦੂਰ ਹੋ ਜਾਂਦਾ ਹੈ। ਮਾਇਆ ਦਾ ਅਰਥ ਹੈ ਭਰਮ ਜਾਂ ਭੁਲੇਖਾ, ਜਿਸ ਦੀ ਹੋਂਦ ਤਾਂ ਮਹਿਸੂਸ ਹੋਵੇ ਪਰ ਅਸਲ ਵਿਚ ਉਸ ਦੀ ਅਣਹੋਂਦ ਹੋਵੇ। ਧਰਮ ਦੇ ਦਾਰਸ਼ਨਿਕ ਖੇਤਰ ਵਿਚ ਮਾਇਆ ਦਾ ਪ੍ਰਯੋਗ ਵਿਭਿੰਨ ਅਰਥਾਂ ਵਿਚ

---

[76] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 220.

[77] ਉਹੀ, ਅੰਗ 1428.

[78] ਉਹੀ, ਅੰਗ 1428.

[79] ਉਹੀ, ਅੰਗ 1231.

ਕੀਤਾ ਜਾਂਦਾ ਹੈ। ਪ੍ਰਚਲਿਤ ਰੂਪ ਵਿਚ ਪੈਸੇ ਜਾਂ ਧਨ ਨੂੰ ਮਾਇਆ ਦੇ ਅਰਥਾਂ ਵਿਚ ਵੀ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਹਿੰਦੂ ਦੇਵਤੇ ਵਿਸ਼ਨੂੰ ਦੀ ਪਤਨੀ ਦਾ ਵੀ ਇੱਕ ਨਾਮ ਮਾਇਆ ਹੈ। ਸੰਬੰਧਿਤ ਪ੍ਰਸੰਗ ਵਿਚ 'ਮਾਇਆ' ਸ਼ਬਦ ਭਰਮ ਜਾਂ ਭੁਲੇਖੇ ਦੇ ਅਰਥਾਂ ਵਜੋਂ ਪ੍ਰਯੋਗ ਕੀਤਾ ਗਿਆ ਹੈ। *ਗੁਰਬਾਣੀ ਵਿਚ ਮਾਇਆ ਪ੍ਰਭੂ ਦੀ ਸ਼ਕਤੀ, ਭਰਮ, ਅਵਿਦਿਆ, ਅਗਿਆਨਤਾ, ਪੰਜ ਕਾਮਾਦਕਾਂ ਤੋਂ ਇਲਾਵਾ ਇਖਲਾਕੀ ਤੇ ਮਾਦੀ ਅਰਥਾਂ ਵਿਚ ਵੀ ਆਈ ਹੈ ਜਿਸ ਨੂੰ ਅੱਗੇ ਵਿਦਵਾਨਾਂ ਨੇ ਰਚਨਾਤਮਕ ਸ਼ਕਤੀ, ਵਿਸ਼ੇ ਵਾਸ਼ਨਾ, ਵਿਸ਼ੇ-ਵਿਕਾਰ, ਧੰਨ, ਦਾਰਾ, ਸੰਪਤੀ, ਜਗਤ ਪ੍ਰਪੰਚ, ਦੁਨਿਆਵੀ ਸੁਖ, ਤ੍ਰਿਸ਼ਨਾ, ਜਾਲ ਆਦਿ ਢੰਗਾਂ ਨਾਲ ਵਰਣਨ ਕਰਨ ਦਾ ਯਤਨ ਕੀਤਾ ਹੈ।* [80]

ਗੁਰਬਾਣੀ ਅਨੁਸਾਰ ਹਰ ਉਹ ਵਸਤੂ ਮਾਇਆ ਹੈ ਜੋ ਜੀਵ ਤੋਂ ਪਰਮਾਤਮਾ ਨੂੰ ਵਿਸਾਰ ਕੇ, ਜੀਵ ਨੂੰ ਦੂਜੇ ਪਾਸੇ ਲਾ ਦਿੰਦੀ ਹੈ।[81] ਇਹ ਜੰਗਲ ਦੀ ਅੱਗ ਅਤੇ ਬੱਦਲ ਦੀ ਛਾਂ ਵਾਂਗ ਇਕ ਭੁਲੇਖਾ ਹੈ ਜੋ ਪਰਮਾਤਮਾ ਦੇ ਨਾਮ ਬਿਨਾਂ ਹੜ੍ਹ ਦੇ ਪਾਣੀ ਵਾਂਗ ਹੈ।[82] ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਮਾਇਆ ਸੰਬੰਧੀ ਮੁੱਖ ਰੂਪ ਵਿਚ ਹੇਠ ਲਿਖੇ ਨੁਕਤੇ ਦ੍ਰਿਸ਼ਟੀਗੋਚਰ ਹੁੰਦੇ ਹਨ–

---

80 *ਸਿੱਖ ਅਧਿਐਨ,* ਬਲਕਾਰ ਸਿੰਘ, ਡਾ. (ਸੰਪਾ), ਪੰਨਾ 89

81 ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥

-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*,* ਅੰਗ 921

82 ਮਾਈ ਮਾਇਆ ਛਲੁ ॥

ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ॥ ਰਹਾਉ ॥

-ਉਹੀ, ਅੰਗ 717

## 8.1 **ਮਾਇਆ ਦੇ ਪ੍ਰਭਾਵ ਅਧੀਨ ਮਨੁੱਖ ਦੀ ਦਸ਼ਾ**[83]

(ੳ) ਦਿਨ ਰਾਤ ਮਾਇਆ ਵਿਚ ਮਗਨ ਰਹਿਣ ਕਾਰਨ ਮਨ ਵਿਚ ਪਰਮਾਤਮਾ ਦੀ ਯਾਦ ਨਹੀਂ ਆਉਂਦੀ।

(ਅ) ਪੁੱਤਰ, ਮਿੱਤਰ, ਪਰਿਵਾਰ ਆਦਿ ਦੀ ਮਮਤਾ ਵਿਚ ਬੰਨਿਆ ਰਹਿੰਦਾ ਹੈ।

(ੲ) ਮ੍ਰਿਗ ਤ੍ਰਿਸ਼ਨਾ ਵਰਗੇ ਸੰਸਾਰ ਨੂੰ ਸੱਚ ਮੰਨ ਕੇ ਮੋਹ ਪਾਉਂਦਾ ਹੈ।

(ਸ) ਮੁਕਤੀ ਦੇਣ ਵਾਲੇ ਪਰਮਾਤਮਾ ਨੂੰ ਭੁਲਾ ਦਿੰਦਾ ਹੈ।

## 8.2 **ਮਾਇਆ ਦਾ ਪਸਾਰਾ ਕੌਣ ਕਰਦਾ ਹੈ**?

ਮਨੁੱਖਾਂ ਨੂੰ ਭਰਮ ਵਿਚ ਪਾਉਣ ਵਾਲੀ ਮਾਇਆ ਦਾ ਪਸਾਰਾ ਪਰਮਾਤਮਾ ਅਨੇਕ ਰੂਪ ਧਾਰ ਕੇ ਆਪ ਹੀ ਕਰਦਾ ਹੈ ਪ੍ਰੰਤੂ ਉਹ ਖੁਦ ਇਸ ਸਾਰੇ ਪਸਾਰੇ ਤੋਂ ਨਿਰਲੇਪ ਰਹਿੰਦਾ ਹੈ-

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥੨॥[84]

## 8.3 **ਮਾਇਆ ਅਧੀਨ ਸੰਸਾਰ ਦੀ ਹਾਲਤ**

---

[83] ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥
ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥੧॥ ਰਹਾਉ ॥
ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ॥
ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥੧॥
ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ ॥
ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ ॥੨॥੩॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219

[84] ਉਹੀ, ਅੰਗ 537.

ਮਾਇਆ ਦੇ ਪ੍ਰਭਾਵ ਅਧੀਨ ਲਗਭਗ ਸਮੁੱਚਾ ਸੰਸਾਰ ਹੀ ਪਰਮਾਤਮਾ ਦੇ ਸਿਮਰਨ ਨੂੰ ਛੱਡ ਕੇ ਮਾਇਆ ਦੇ ਭਰਮ ਵਿਚ ਪਿਆ ਹੋਇਆ ਹੈ। ਘਰ-ਪਰਿਵਾਰ, ਰਿਸ਼ਤੇ-ਨਾਤੇ ਆਦਿ ਦੇ ਮੋਹ ਵਿਚ ਮਗਨ ਹੋ ਕੇ, ਸੰਸਾਰੀ ਪਦਾਰਥਾਂ ਦੇ ਹੰਕਾਰ ਵਿਚ ਇਹ ਜਗਤ ਪਾਗਲਾਂ ਵਾਂਗ ਵਿਚਰ ਰਿਹਾ ਹੈ। ਮਨੁੱਖ ਦਿਨ ਰਾਤ ਮਾਇਆ ਦੇ ਪ੍ਰਭਾਵ ਅਧੀਨ ਭਟਕਦਾ ਰਹਿੰਦਾ ਹੈ।[85] ਕੋਈ ਵਿਰਲਾ ਮਨੁੱਖ ਹੀ ਹੈ ਜੋ ਮਾਇਆ ਦਾ ਮੋਹ ਤਿਆਗ ਕੇ ਅਕਾਲ ਪੁਰਖ ਦਾ ਸਿਮਰਨ ਕਰਦਾ ਹੈ-

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥[86]

## 8.4 **ਮਾਇਆ ਦਾ ਪ੍ਰਭਾਵ ਖੇਤਰ ਅਤੇ ਇਸ ਤੋਂ ਬਚਣ ਦਾ ਢੰਗ**

ਮਾਇਆ ਦਾ ਪ੍ਰਭਾਵ ਖੇਤਰ ਕੇਵਲ ਕੁਝ ਗਿਣਵੇਂ-ਚੁਣਵੇਂ ਜੀਵਾਂ ਤੱਕ ਹੀ ਸੀਮਤ ਨਹੀਂ ਸਗੋਂ ਇਹ ਵੱਡੇ-ਵੱਡੇ ਜੋਗੀ, ਜੰਗਮ, ਸੰਨਿਆਸੀਆਂ ਆਦਿ ਨੂੰ ਵੀ ਆਪਣੇ ਪ੍ਰਭਾਵ ਵਿਚ ਲੈ ਲੈਂਦੀ ਹੈ। ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਮਾਇਆ ਤੋਂ ਬਚਣ ਦਾ ਇਕੋ ਇਕ ਢੰਗ ਹੈ-

---

[85] ਸਾਧੋ ਇਹੁ ਜਗੁ ਭਰਮ ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥੧॥ ਰਹਾਉ ॥
ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ ॥
ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ॥੧॥
ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ ਲਗਾਨਾ॥
ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ॥੨॥
-ਸ਼ਬਦਾਰਥ ਸ੍ਰੀ ਗੁਰੂ ਗੰਥ ਸਾਹਿਬ, ਅੰਗ 684-85

[86] ਉਹੀ, ਅੰਗ 1427.

ਜੋਗੀ ਜੰਗਮ ਅਰੁ ਸੰਨਿਆਸ ॥ ਸਭ ਹੀ ਪਰਿ ਡਾਰੀ ਇਹ ਫਾਸ ॥੧॥

ਜਿਹਿ ਜਿਹਿ ਹਰਿ ਕੋ ਨਾਮੁ ਸਮ੍ਾਰਿ ॥ ਤੇ ਭਵ ਸਾਗਰ ਉਤਰੇ ਪਾਰਿ ॥੨॥[87]

## 9. ਮਨ

ਗੁਰਬਾਣੀ ਵਿਚ ਮਨ ਨੂੰ ਪੰਜ ਤੱਤਾਂ ਦੀ ਰਚਨਾ ਮੰਨਿਆ ਗਿਆ ਹੈ[88] ਜੋ ਮਾਇਆ ਦੇ ਪ੍ਰਭਾਵ ਅਧੀਨ ਸਭ ਕੁੱਝ ਜਾਣਦਾ ਹੋਇਆ ਵੀ ਔਗੁਣ ਕਰਦਾ ਹੈ।[89] ਮਨ ਨੂੰ ਜਿੱਤਣ ਵਾਲਾ ਸੰਸਾਰ ਦਾ ਜੇਤੂ ਬਣ ਜਾਂਦਾ ਹੈ।[90] ਡਾ. ਜੋਧ ਸਿੰਘ ਅਨੁਸਾਰ ਮਨ ਅੰਦਰੂਨੀ ਸੂਖਮ ਇੰਦਰੀ ਹੈ ਜੋ ਬਾਕੀ ਇੰਦ੍ਰੀਆਂ ਤੋਂ ਵੱਖਰੀ ਹੈ ਪਰ ਫਿਰ ਵੀ ਹਮੇਸ਼ਾਂ ਕਿਸੇ ਇੰਦ੍ਰੀ ਨਾਲ ਮੌਜੂਦ ਹੋ ਕੇ ਹੰਕਾਰ ਤੇ ਮਾਇਆ ਰਾਹੀਂ ਬੁੱਧੀ ਨੂੰ ਬਾਹਰੀ ਬਿੰਬਾਂ ਤੋਂ ਜਾਣੂ ਕਰਵਾਉਂਦੀ ਹੈ।[91] ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਮਨ ਸਬੰਧੀ ਹੇਠ ਲਿਖੇ ਪੱਖ ਪ੍ਰਸਤੁਤ ਹੁੰਦੇ ਹਨ-

### 9.1 ਮਨ ਦਾ ਸਰੂਪ

ਮਨ ਨੂੰ ਕਾਬੂ ਕਰਨਾ ਮੁਸ਼ਕਿਲ ਕਾਰਜ ਹੈ ਕਿਉਂਕਿ ਇਸ ਨਾਲ ਚੰਚਲ ਰੂਪ ਵਾਲੀ ਤ੍ਰਿਸ਼ਨਾ ਦਾ ਵਾਸਾ ਹੁੰਦਾ ਹੈ। ਮਨ ਅੰਦਰ ਵਸਣ ਵਾਲਾ ਕਠਿਨ ਰੂਪ ਵਾਲਾ ਕਰੋਧ ਮਨੁੱਖ ਦੀ ਸੁੱਧ-ਬੁੱਧ ਭੁਲਾ ਕੇ ਸਾਰਾ ਗਿਆਨ ਖਤਮ ਕਰ ਦਿੰਦਾ

---

[87] ਸ਼ਬਦਾਰਥ ਸ੍ਰੀ ਗੁਰੂ ਗੰਥ ਸਾਹਿਬ, ਅੰਗ 1186.

[88] ਇਹੁ ਮਨੁ ਪੰਚ ਤਤੁ ਤੇ ਜਨਮਾ ॥ -ਸ਼ਬਦਾਰਥ ਸ੍ਰੀ ਗੁਰੂ ਗੰਥ ਸਾਹਿਬ, ਅੰਗ 415

[89] ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥ -ਉਹੀ, ਅੰਗ 1376

[90] ......ਮਨਿ ਜੀਤੈ ਜਗੁ ਜੀਤੁ ॥ -ਉਹੀ, ਅੰਗ 6

[91] ਜੋਧ ਸਿੰਘ (ਡਾ.), *ਸਿੱਖ ਸਿਧਾਂਤ: ਸਰੂਪ ਤੇ ਸਮਰੱਥਾ,* ਅੰਗ 122

ਹੈ।[92] ਮਨੁੱਖ ਦੇ ਨਾਲ ਨਾ ਨਿਭਣ ਵਾਲੇ ਦੁਨਿਆਵੀ ਪਦਾਰਥਾਂ ਦੀ ਲੋੜ ਅਤੇ ਸੰਸਾਰਕ ਰਿਸ਼ਤਿਆਂ ਦੇ ਮੋਹ ਨਾਲ ਇਸ ਮਨ ਦੀ ਹਾਲਤ ਪਾਗਲਾਂ ਵਾਲੀ ਹੋ ਜਾਂਦੀ ਹੈ ਅਤੇ ਮਨੁੱਖਾ ਜਨਮ ਵਿਅਰਥ ਚਲਿਆ ਜਾਂਦਾ ਹੈ।[93]

## 9.2 **ਮਨ ਦੀ ਪ੍ਰਵਿਰਤੀ**

(ੳ) ਮੋਹ ਮਾਇਆ ਵਿਚ ਭਟਕਿਆ ਮਨ ਧਰਮ ਦੀਆਂ ਗੱਲਾਂ ਸੁਣ ਕੇ ਵੀ ਪਰਮਾਤਮਾ ਦੇ ਗੁਣ ਨਹੀਂ ਗ਼ਾਉਂਦਾ।[94]

(ਅ) ਵਿਸ਼ੇ-ਵਿਕਾਰਾਂ ਅਧੀਨ ਦੁਰਲੱਭ ਮਨੁੱਖਾ ਜਨਮ ਨੂੰ ਵਿਅਰਥ ਗਵਾ ਦਿੰਦਾ ਹੈ।[95]

(ੲ) ਨਾਮ ਸਿਮਰਨ ਦੀ ਥਾਂ ਮਾਇਆ ਦੇ ਮੋਹ ਨਾਲ ਪਿਆਰ ਪੈਦਾ ਕਰਦਾ ਹੈ।[96]

---

[92] ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ ॥
ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219

[93] ਮਨ ਰੇ ਕਹਾ ਭਇਓ ਤੈ ਬਉਰਾ ॥
ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥੧॥ ਰਹਾਉ ॥
ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥
ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥੧॥
ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ ॥
ਨਿਮਖ ਨ ਲੀਨ ਭਇਓ ਚਰਨਨ ਸਿਉ ਬਿਰਥਾ ਅਉਧ ਸਿਰਾਨੀ ॥੨॥ -ਉਹੀ, ਅੰਗ 220

[94] ਕੋਊ ਮਾਈ ਭੂਲਿਓ ਮਨੁ ਸਮਝਾਵੈ ॥
ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ ॥੧॥ -ਉਹੀ, ਅੰਗ 219-20.

[95] ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥ -ਉਹੀ, ਅੰਗ 220

[96] ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥ -ਉਹੀ।

(ਸ) ਹਰੇਕ ਜੀਵ ਦੇ ਅੰਦਰ ਅਤੇ ਬਾਹਰ ਭਾਵ ਸੰਸਾਰ ਵਿਚ ਵੱਸ ਰਹੇ ਪਰਮਾਤਮਾ ਨਾਲ ਪ੍ਰੇਮ ਨਹੀਂ ਪਾਉਂਦਾ।[97]

(ਹ) ਮਾਇਆ ਨਾਲ ਜੁੜ ਕੇ ਉਸ ਦੇ ਮੋਹ ਵਿਚ ਮਨ ਇਸ ਪ੍ਰਕਾਰ ਫਸ ਜਾਂਦਾ ਹੈ ਜਿਵੇਂ ਕੰਧ ਉੱਤੇ ਬਣਾਇਆ ਗਿਆ ਚਿੱਤਰ, ਕੰਧ ਨੂੰ ਨਹੀਂ ਛੱਡਦਾ।[98]

(ਕ) ਕੁੱਤੇ ਦੀ ਪੂੰਛ ਦੇ ਵਾਂਗ ਇਹ ਮਨ ਕਦੀ ਵੀ ਸਿੱਧਾ ਨਹੀਂ ਹੁੰਦਾ, ਕਿਸੇ ਦੀ ਵੀ ਦਿੱਤੀ ਹੋਈ ਚੰਗੀ ਸਿੱਖਿਆ ਨੂੰ ਧਾਰਨ ਨਹੀਂ ਕਰਦਾ।[99]

(ਖ) ਦਿਨ ਰਾਤ ਬੇਕਾਬੂ ਹੋ ਕੇ ਵਿਸ਼ੇ-ਵਿਕਾਰਾਂ ਵੱਲ ਭੱਜਦਾ ਹੈ ਜਿਸ ਨੂੰ ਰੋਕਣਾ ਬਹੁਤ ਮੁਸ਼ਕਿਲ ਹੈ।[100]

ਸਮੁੱਚੇ ਅਧਿਐਨ ਤੋਂ ਬਾਅਦ ਅਸੀ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ, ਮਨੁੱਖ ਨੂੰ ਸੰਸਾਰ ਦੇ ਪਦਾਰਥਕ ਮੋਹ ਤੋਂ ਸੁਚੇਤ ਕਰ ਕੇ ਸਦੀਵੀ ਹੋਂਦ ਵਾਲੇ ਸਦੀਵੀ ਸਾਥੀ ਪਰਮਾਤਮਾ ਦੇ ਨਾਮ ਨਾਲ ਜੋੜਦੀ ਹੈ। ਇਸ ਦੇ ਪ੍ਰਗਟਾਅ ਲਈ ਮਨੁੱਖ ਨੂੰ ਅਕਾਲ ਪੁਰਖ ਦੀ ਕਿਰਪਾ, ਸੰਸਾਰ ਦੀ ਨਾਸ਼ਵਾਨਤਾ, ਸੰਸਾਰਕ ਰਿਸ਼ਤੇ-ਨਾਤਿਆਂ ਦੀ ਅਸਥਿਰਤਾ, ਮਨ, ਮਾਇਆ ਅਤੇ ਵਿਸ਼ੇ-ਵਿਕਾਰਾਂ ਅਧੀਨ ਮਨੁੱਖ ਦੀ ਹਾਲਤ, ਸੰਸਾਰਕ ਮੋਹ ਮਾਇਆ ਤੋਂ

---

[97] ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ ॥੨॥

-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 220

[98] ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥੩੭॥ -ਉਹੀ, ਅੰਗ 1428

[99] ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥ -ਉਹੀ, ਅੰਗ 536

[100] ਮਾਈ ਮਨੁ ਮੇਰੋ ਬਸਿ ਨਾਹਿ ॥
ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥੧॥ ਰਹਾਉ ॥

-ਉਹੀ, ਅੰਗ 633

ਉੱਪਰ ਉੱਠਣ ਵਾਲੇ ਗੁਰਮੁਖ ਦੀ ਜੀਵਨ ਮੁਕਤ ਅਵਸਥਾ ਆਦਿ ਪੱਖਾਂ ਰਾਹੀਂ ਸਮਝਾਇਆ ਹੈ। ਗੁਰੂ ਸਾਹਿਬ ਜੀ ਦੀ ਬਾਣੀ ਵਿਚ ਦਰਸਾਇਆ ਨਾਸ਼ਵਾਨਤਾ ਵਾਲਾ ਪੱਖ ਮਨੁੱਖ ਨੂੰ ਭਾਂਜਵਾਦੀ ਨਹੀਂ ਬਣਾਉਂਦਾ ਸਗੋਂ 'ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨ' ਵਾਲੇ ਪੂਰਨ ਮਨੁੱਖ ਦੀ ਸਿਰਜਣਾ ਕਰਦਾ ਹੈ। ਅਜੋਕੇ ਸਮੇਂ ਵਿਚ ਵਿਸ਼ੇ-ਵਿਕਾਰਾਂ ਅਧੀਨ ਭਟਕ ਰਹੇ ਸੰਸਾਰ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਪ੍ਰਸੰਗਿਕਤਾ ਹੋਰ ਵੀ ਸਾਰਥਕ ਰੂਪ ਵਿਚ ਪ੍ਰਗਟ ਹੁੰਦੀ ਹੈ।

******

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ
## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਪਵਿੱਤਰ ਬਾਣੀ ਦਾ ਵੇਰਵਾ-

| ਰਾਗ | ਸ਼ਬਦ | ਅੰਗ |
| --- | --- | --- |
| ਗਉੜੀ | 9 | 219-220 |
| ਆਸਾ | 1 | 411 |
| ਦੇਵਗੰਧਾਰੀ | 3 | 536 |
| ਬਿਹਾਗੜਾ | 1 | 537 |
| ਸੋਰਠਿ | 12 | 631-634 |
| ਧਨਾਸਰੀ | 4 | 684-685 |
| ਜੈਤਸਰੀ | 3 | 703 |
| ਟੋਡੀ | 1 | 718 |
| ਤਿਲੰਗ | 3 | 726-727 |
| ਬਿਲਾਵਲ | 3 | 830-831 |
| ਰਾਮਕਲੀ | 3 | 902 |
| ਮਾਰੂ | 3 | 1008 |
| ਬਸੰਤ | 5 | 1186-1187 |
| ਸਾਰੰਗ | 4 | 1231-1232 |
| ਜੈਜਾਵੰਤੀ | 4 | 1352-1353 |
| 'ਸਲੋਕ ਵਾਰਾਂ ਤੇ ਵਧੀਕ' ਵਿਚ 'ਸਲੋਕ ਮਹਲਾ ੯' ਦੇ ਸਿਰਲੇਖ ਅਧੀਨ ਰਾਗ ਮੁਕਤ ਬਾਣੀ | 57 ਸਲੋਕ | 1426-1429 |

**ਕੁੱਲ ਬਾਣੀ- 116 (59 ਸ਼ਬਦ ਅਤੇ 57 ਸਲੋਕ)**

ਤਪਦੇ ਹਿਰਦਿਆਂ ਨੂੰ ਠੰਡ ਪਾਉਂਦੀ,
ਗੁਰੂ ਤੇਗ ਬਹਾਦਰ ਜੀ ਦੀ ਬਾਣੀ।
ਜੀਵਨ ਜਿਉਣ ਦਾ ਵੱਲ ਸਿਖਾਉਂਦੀ,
ਗੁਰੂ ਤੇਗ ਬਹਾਦਰ ਜੀ ਦੀ ਬਾਣੀ
ਸੱਚੇ ਨਾਮ ਦਾ ਰੰਗ ਚੜ੍ਹਾਉਂਦੀ,
ਗੁਰੂ ਤੇਗ ਬਹਾਦਰ ਜੀ ਦੀ ਬਾਣੀ।
ਸੁੱਤੀ ਸੁਰਤ ਨੂੰ ਟੁੰਬ ਜਗਾਉਂਦੀ,
ਗੁਰੂ ਤੇਗ ਬਹਾਦਰ ਜੀ ਦੀ ਬਾਣੀ।
ਅਦਿੱਖ ਬ੍ਰਹਮ ਦਾ ਗਿਆਨ ਕਰਾਉਂਦੀ,
ਗੁਰੂ ਤੇਗ ਬਹਾਦਰ ਜੀ ਦੀ ਬਾਣੀ।
"ਦਨੌਲੀ" ਭਵ ਸਾਗਰੋਂ ਪਾਰ ਲੰਘਾਉਂਦੀ,
ਗੁਰੂ ਤੇਗ ਬਹਾਦਰ ਜੀ ਦੀ ਬਾਣੀ।

-ਗੁਰਮੀਤ ਸਿੰਘ 'ਦਨੌਲੀ'

HARYANA SIKH GURDWARA MANAGEMENT COMMITTEE
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ